ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 21 ਅਪ੍ਰੈਲ 2026 (ਨਾਨਕਸ਼ਾਹੀ ਸੰਮਤ : ੫੫੮, ੮ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਟਰੰਪ ਦੇ ਫੈਸਲੇ ਨੂੰ ਕੋਰਟ ਨੇ ਦੱਸਿਆ ਗੈਰ-ਕਾਨੂੰਨੀ, ਹੁਣ ਦੇਣਾ ਪਵੇਗਾ 166 ਅਰਬ ਡਾਲਰ ਦਾ ਹਰਜਾਨਾ

ਵਾਸ਼ਿੰਗਟਨ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਅਮਰੀਕਾ ਤੋਂ ਇਸ ਵੇਲੇ ਦੀ ਸਭ ਤੋਂ ਵੱਡੀ ਆਰਥਿਕ ਖ਼ਬਰ ਸਾਹਮਣੇ ਆ ਰਹੀ ਹੈ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ (ਟੈਕਸ) ਨੂੰ ਅਦਾਲਤ ਵੱਲੋਂ ਗੈਰ-ਸੰਵਿਧਾਨਕ ਕਰਾਰ ਦਿੱਤੇ ਜਾਣ ਤੋਂ ਬਾਅਦ, ਅੱਜ ਤੋਂ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਰਿਫੰਡ ਪ੍ਰਕਿਰਿਆ ਸ਼ੁਰੂ ਹੋਣ ਜਾ ਰਹੀ ਹੈ। ਇਸ ਫੈਸਲੇ ਨਾਲ ਅਮਰੀਕੀ ਸਰਕਾਰ ਨੂੰ ਵੱਖ-ਵੱਖ ਕੰਪਨੀਆਂ ਨੂੰ 166 ਅਰਬ ਡਾਲਰ (ਲਗਭਗ 13.8 ਲੱਖ ਕਰੋੜ ਰੁਪਏ) ਅਤੇ ਉਸ 'ਤੇ ਬਣਦਾ ਵਿਆਜ ਵਾਪਸ ਕਰਨਾ ਪਵੇਗਾ। ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਨੇ ਪਿਛਲੇ ਸਾਲ ਅਪ੍ਰੈਲ ਵਿੱਚ ਕਈ ਦੇਸ਼ਾਂ ਤੋਂ ਆਉਣ ਵਾਲੇ ਸਾਮਾਨ 'ਤੇ ਭਾਰੀ ਟੈਰਿਫ ਲਗਾ ਦਿੱਤੇ ਸਨ। ਹਾਲਾਂਕਿ, ਇਸ ਸਾਲ 20 ਫਰਵਰੀ ਨੂੰ ਅਮਰੀਕੀ ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਟੈਰਿਫ ਤੈਅ ਕਰਨ ਦਾ ਅਧਿਕਾਰ ਸਿਰਫ ਅਮਰੀਕੀ ਸੰਸਦ (ਕਾਂਗਰਸ) ਕੋਲ ਹੈ, ਨਾ ਕਿ ਰਾਸ਼ਟਰਪਤੀ ਕੋਲ। ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅੱਜ ਇੱਕ ਵਿਸ਼ੇਸ਼ ਪੋਰਟਲ ਸਿਸਟਮ ਲਾਂਚ ਕਰ ਰਿਹਾ ਹੈ। ਇਸ ਪ੍ਰੋਗਰਾਮ ਨੂੰ 'ਕੰਸੋਲੀਡੇਟਿਡ ਐਡਮਿਨਿਸਟ੍ਰੇਸ਼ਨ ਐਂਡ ਪ੍ਰੋਸੈਸਿੰਗ ਆਫ ਐਂਟਰੀਜ਼' ਦਾ ਨਾਂ ਦਿੱਤਾ ਗਿਆ ਹੈ।

## ਚੰਡੀਗੜ੍ਹ ਦੇ ਡਾ. ਅੰਬੇਡਕਰ ਕਾਲਜ ਨੂੰ

# ਬੰਬ ਨਾਲ ਉਡਾਉਣ ਦੀ ਧਮਕੀ, ਅਲਰਟ 'ਤੇ ਪੁਲਿਸ

ਚੰਡੀਗੜ੍ਹ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਚੰਡੀਗੜ੍ਹ ਦੇ ਸੈਕਟਰ 42 ਵਿੱਚ ਸਥਿਤ ਡਾ. ਅੰਬੇਡਕਰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਕੰਟਰੋਲ ਰੂਮ ਤੋਂ ਮੈਸੇਜ ਮਿਲਣ ਤੋਂ ਬਾਅਦ ਪੁਲਿਸ ਤੁਰੰਤ ਚੌਕਸ ਹੋ ਗਈ, ਕਾਲਜ ਕੈਂਪਸ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਰਿਪੋਰਟਾਂ ਅਨੁਸਾਰ, ਕੰਟਰੋਲ ਰੂਮ ਨੂੰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਮੈਸੇਜ ਮਿਲਿਆ।




ਸੂਚਨਾ ਮਿਲਣ 'ਤੇ, ਚੰਡੀਗੜ੍ਹ ਪੁਲਿਸ ਦੀ ਇੱਕ ਟੀਮ, ਬੰਬ ਸਕੁਐਡ ਅਤੇ ਡੌਗ ਸਕੁਐਡ ਮੌਕੇ 'ਤੇ ਪਹੁੰਚੀ। ਪੂਰੇ ਕਾਲਜ ਕੈਂਪਸ ਨੂੰ ਘੇਰ ਲਿਆ ਗਿਆ ਅਤੇ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਸਾਵਧਾਨੀ ਦੇ ਤੌਰ 'ਤੇ, ਪੁਲਿਸ ਨੇ ਤੁਰੰਤ ਕਾਲਜ ਵਿੱਚ ਮੌਜੂਦ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਬਾਹਰ ਕੱਢਿਆ ਅਤੇ ਕਿਸੇ ਵੀ ਸੰਭਾਵੀ ਖ਼ਤਰੇ ਨੂੰ ਟਾਲਣ ਲਈ ਆਉਣ ਵਾਲਿਆਂ ਅਤੇ ਆਉਣ ਵਾਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ।

## ਬਠਿੰਡਾ ਦੇ ਰੇਲਵੇ ਟਰੈਕ ਨੂੰ ਬੰਬ ਨਾਲ ਉਡਾਉਣ ਦੀ ਧਮਕੀ , ਭਾਰੀ ਪੁਲਿਸ ਫੋਰਸ ਤਾਇਨਾਤ

ਅੱਜ ਬਠਿੰਡਾ ਰੇਲਵੇ ਟਰੈਕ ਅਤੇ ਚੰਡੀਗੜ੍ਹ ਦੇ ਇੱਕ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਈਮੇਲ ਰਾਹੀਂ ਦਿੱਤੀ ਗਈ ਹੈ। ਧਮਕੀ ਤੋਂ ਬਾਅਦ ਬਠਿੰਡਾ ਰੇਲਵੇ ਸਟੇਸ਼ਨ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਵੱਡੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ। ਧਮਕੀ ਤੋਂ ਬਾਅਦ ਰੇਲਵੇ ਸਟੇਸ਼ਨ 'ਤੇ ਵੱਡੀ ਪੁਲਿਸ ਫੋਰਸ ਪਹੁੰਚੀ। ਤਲਾਸ਼ੀ ਮੁਹਿੰਮ ਜਾਰੀ ਹੈ। ਪੁਲਿਸ ਸੂਤਰਾਂ ਅਨੁਸਾਰ ਯਾਤਰੀਆਂ ਦੀ ਤਲਾਸ਼ੀ ਲਈ ਜਾ ਰਹੀ ਹੈ ਅਤੇ ਉਨ੍ਹਾਂ ਦੇ ਸਾਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਟੇਸ਼ਨ 'ਤੇ ਡੌਗ ਸਕੁਐਡ ਟੀਮਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਬਠਿੰਡਾ ਦੇ ਡਾਕ ਘਰ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਡੀਸੀ ਦਫਤਰ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ ਹੈ। ਯਾਤਰੀਆਂ ਨੂੰ ਕਿਸੇ ਵੀ ਸ਼ੱਕੀ ਵਸਤੂ ਜਾਂ ਵਿਅਕਤੀ ਬਾਰੇ ਤੁਰੰਤ ਸੂਚਨਾ ਦੇਣ ਦੀ ਅਪੀਲ ਕੀਤੀ ਗਈ ਹੈ।


## ਜਾਪਾਨ 'ਚ ਸੁਨਾਮੀ ! ਸਮੁੰਦਰ 'ਚ ਆਇਆ 7.7 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ, ਅਲਰਟ ਜਾਰੀ

ਟੋਕੀਓ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਜਾਪਾਨ ਵਿੱਚ ਸੋਮਵਾਰ ਨੂੰ ਆਏ 7.7 ਤੀਬਰਤਾ ਦੇ ਸ਼ਕਤੀਸ਼ਾਲੀ ਭੂਚਾਲ ਨੇ ਪੂਰੇ ਦੇਸ਼ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਜਾਪਾਨ ਮੌਸਮ ਵਿਗਿਆਨ ਏਜੰਸੀ ਨੇ ਇੱਕ ਬਹੁਤ ਹੀ ਗੰਭੀਰ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਅਗਲੇ ਇੱਕ ਹਫ਼ਤੇ ਦੇ ਅੰਦਰ ਇਸੇ ਤਰ੍ਹਾਂ ਦੇ ਜਾਂ ਇਸ ਤੋਂ ਵੀ ਵੱਧ ਤੀਬਰਤਾ ਦੇ ਝਟਕੇ ਆ ਸਕਦੇ ਹਨ। ਪ੍ਰਸ਼ਾਂਤ ਮਹਾਸਾਗਰ ਵਿੱਚ ਦੋ ਡੂੰਘੀਆਂ ਸਮੁੰਦਰੀ ਖਾਈਆਂ ਦੇ ਨਾਲ ਇੱਕ ਵੱਡੇ ਭੂਚਾਲ ਦੀ ਸੰਭਾਵਨਾ ਵੱਧ ਗਈ ਹੈ, ਜਿਸ ਕਾਰਨ ਹੋਕਾਈਡੋ ਤੋਂ ਚਿਬਾ ਤੱਕ ਫੈਲੇ




182 ਸ਼ਹਿਰਾਂ ਅਤੇ ਕਸਬਿਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਮਾਹਰਾਂ ਮੁਤਾਬਕ, 7.7 ਤੀਬਰਤਾ ਦੇ ਵੱਡੇ ਭੂਚਾਲ ਤੋਂ ਬਾਅਦ ਅਗਲੇ ਇੱਕ ਹਫ਼ਤੇ ਤੱਕ ਤੇਜ਼ ਝਟਕੇ ਆਉਣ ਦੀ 100% ਸੰਭਾਵਨਾ ਹੈ। ਜਿਹੜੀਆਂ ਇਮਾਰਤਾਂ ਪਹਿਲੇ ਝਟਕੇ ਨਾਲ ਕਮਜ਼ੋਰ ਹੋ ਗਈਆਂ ਹਨ, ਉਹ ਹਲਕੇ ਆਫ਼ਟਰ-ਸ਼ੌਕਸ ਨਾਲ ਵੀ ਡਿੱਗ ਸਕਦੀਆਂ ਹਨ। ਇਸ ਲਈ ਲੋਕਾਂ ਨੂੰ ਖ਼ਰਾਬ ਹੋਈਆਂ ਇਮਾਰਤਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਇਸ ਬਾਰੇ ਦੇਸ਼ ਦੀ ਪ੍ਰਧਾਨ ਮੰਤਰੀ ਸਾਨੇ ਤਾਕਾਇਚੀ ਨੇ ਦੇਸ਼ ਵਾਸੀਆਂ ਦੇ ਨਾਂ ਐਕਸ 'ਤੇ ਇਕ ਪੋਸਟ ਸਾਂਝੀ ਕਰਦਿਆਂ ਅਹਿਮ ਸੰਦੇਸ਼ ਜਾਰੀ ਕੀਤਾ ਹੈ। ਆਪਣੀ ਪੋਸਟ 'ਚ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਤੁਰੰਤ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਅਪੀਲ ਕੀਤੀ ਹੈ। ਆਪਣੀ ਪੋਸਟ 'ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਜ਼ਬਰਦਸਤ ਭੂਚਾਲ ਮਗਰੋਂ ਪ੍ਰਭਾਵਿਤ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤੁਰੰਤ ਪਹਾੜੀ ਇਲਾਕਿਆਂ ਜਾਂ ਉੱਚੀਆਂ ਇਮਾਰਤਾਂ ਵੱਲ ਚਲੇ ਜਾਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਚਿਤਾਵਨੀ ਹਟਾਈ ਨਹੀਂ ਜਾਂਦੀ, ਲੋਕ ਸੁਰੱਖਿਅਤ ਥਾਵਾਂ ਤੋਂ ਬਾਹਰ ਨਾ ਨਿਕਲਣ। ਉਨ੍ਹਾਂ ਨੇ ਅੱਗੇ ਕਿਹਾ ਕਿ ਰਾਤ 7:30 ਵਜੇ ਹੋਕਾਈਡੋ ਅਤੇ ਸਾਨਰੀਕੂ ਦੇ ਤੱਟਵਰਤੀ ਖੇਤਰਾਂ ਲਈ ਇੱਕ ਵਿਸ਼ੇਸ਼ ਚਿਤਾਵਨੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਲੋਕਾਂ ਨੂੰ ਅਗਲੇ ਇੱਕ ਹਫ਼ਤੇ ਤੱਕ ਪੂਰੀ ਤਰ੍ਹਾਂ ਚੌਕਸ ਰਹਿਣ ਲਈ ਕਿਹਾ ਗਿਆ ਹੈ ਕਿਉਂਕਿ ਭੂਚਾਲ ਦੇ ਹੋਰ ਝਟਕੇ ਆ ਸਕਦੇ ਹਨ।

## ਪੰਜਾਬ ਦੇ ਸਰਕਾਰੀ ਵਿਭਾਗਾਂ 'ਚ ਭ੍ਰਿਸ਼ਟਾਚਾਰ ਦਾ ਮਾਮਲਾ, ਸਰਕਾਰ ਨੇ ਹਾਈਕੋਰਟ ਨੂੰ ਨਹੀਂ ਸੌਂਪੀ ਭ੍ਰਿਸ਼ਟ ਤੇ ਦਾਗੀ ਅਫਸਰਾਂ/ਕਰਮਚਾਰੀਆਂ ਦੀ ਸੂਚੀ




ਚੰਡੀਗੜ੍ਹ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਭ੍ਰਿਸ਼ਟਾਚਾਰ ਖਿਲਾਫ਼ ਮੁਹਿੰਮ ਚਲਾਉਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਸਰਕਾਰੀ ਵਿਭਾਗਾਂ 'ਚ ਭ੍ਰਿਸ਼ਟਾਚਾਰ 'ਤੇ ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਖੁਦ ਨੋਟਿਸ ਲੈ ਕੇ ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮੰਗੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਹੈ। ਇਸ 'ਤੇ ਸੋਮਵਾਰ, ਸੁਣਵਾਈ ਦੌਰਾਨ ਹਾਈ ਕੋਰਟ ਨੇ ਹੁਕਮਾਂ ਦੇ ਬਾਵਜੂਦ ਜਵਾਬ ਦਾਇਰ ਕਰਨ ਵਿੱਚ ਅਸਫਲ ਰਹਿਣ 'ਤੇ ਪੰਜਾਬ ਸਰਕਾਰ 'ਤੇ 10,000 ਰੁਪਏ ਦਾ ਜੁਰਮਾਨਾ ਲਗਾਇਆ ਹੈ ਅਤੇ ਤਿੰਨ ਹਫ਼ਤਿਆਂ ਦੇ ਅੰਦਰ ਅਜਿਹੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸੂਚੀ ਜਮ੍ਹਾਂ ਕਰਨ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਉਨ੍ਹਾਂ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਬਾਰੇ ਪੂਰੀ ਜਾਣਕਾਰੀ ਲਈ ਤਲਬ ਕੀਤਾ ਹੈ, ਜਿਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਐਨਡੀਪੀਐਸ ਐਕਟ ਦੇ ਮਾਮਲੇ ਦਰਜ ਹਨ। ਹਾਈ ਕੋਰਟ ਦੇ ਚੀਫ਼ ਜਸਟਿਸ ਦੇ ਬੈਂਚ ਨੇ ਇਸ ਮਾਮਲੇ ਦਾ ਖੁਦ ਨੋਟਿਸ ਲਿਆ ਹੈ ਅਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਮਾਮਲੇ ਦਾ ਨੋਟਿਸ ਲੈਂਦੇ ਹੋਏ, ਹਾਈ ਕੋਰਟ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ ਸਰਕਾਰ ਦੇ ਬਹੁਤ ਸਾਰੇ ਅਧਿਕਾਰੀ ਅਤੇ ਕਰਮਚਾਰੀ, ਜਿਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਐਕਟ ਅਤੇ ਐਨਡੀਪੀਐਸ ਐਕਟ ਅਧੀਨ ਭ੍ਰਿਸ਼ਟਾਚਾਰ ਦੇ ਮਾਮਲੇ ਸ਼ਾਮਲ ਹਨ, ਅਜੇ ਵੀ ਸੇਵਾ ਵਿੱਚ ਹਨ। ਇਹ ਵੀ ਪਤਾ ਲੱਗਾ ਹੈ ਕਿ ਕੁਝ ਮਾਮਲਿਆਂ ਵਿੱਚ, ਇਨ੍ਹਾਂ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਸਜ਼ਾ ਸੁਣਾਈ ਗਈ ਹੈ। ਫਿਰ ਵੀ, ਉਹ ਅਜੇ ਵੀ ਸਰਕਾਰੀ ਸੇਵਾ ਵਿੱਚ ਕਿਵੇਂ ਹਨ ਅਤੇ ਉਨ੍ਹਾਂ ਨੂੰ ਬਰਖਾਸਤ ਕਿਉਂ ਨਹੀਂ ਕੀਤਾ ਗਿਆ ? ਇਸ ਲਈ ਹਾਈ ਕੋਰਟ ਨੇ ਅਜਿਹੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ-ਨਾਲ ਉਨ੍ਹਾਂ ਸੀਨੀਅਰ ਅਧਿਕਾਰੀਆਂ ਬਾਰੇ ਜਾਣਕਾਰੀ ਮੰਗੀ ਹੈ ਜਿਨ੍ਹਾਂ ਨੇ ਸਿਫਾਰਸ਼ ਕੀਤੀ ਸੀ ਕਿ ਅਜਿਹੇ ਕਰਮਚਾਰੀ ਸਜ਼ਾਵਾਂ ਦੇ ਬਾਵਜੂਦ ਸੇਵਾ ਵਿੱਚ ਰਹਿਣ, ਤਾਂ ਜੋ ਅਜਿਹੇ ਸੀਨੀਅਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

## ਸ਼੍ਰੋਮਣੀ ਕਮੇਟੀ ਨੇ ਭਾਈ ਰਾਜੋਆਣਾ ਦੀ ਪਟੀਸ਼ਨ ਮਾਮਲੇ 'ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਦੇਸ਼ ਦੇਣ ਦੀ ਕੀਤੀ ਅਪੀਲ

ਨਵੀਂ ਦਿੱਲੀ, 20 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ

### ਬੀਬੀਐਮਬੀ ਸਬੰਧੀ ਕੇਂਦਰ ਕੋਈ ਅਜਿਹਾ ਨਿਯਮ ਲਾਗੂ ਨਾ ਕਰੇ ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ- ਐਡਵੋਕੇਟ ਧਾਮੀ



ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਘਟਾਏ ਜਾਣ ਅਤੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਸਬੰਧੀ ਵਿਚਾਰਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਨਾਲ ਸਬੰਧਤ ਮਾਮਲੇ ਵਿਚਾਰੇ ਗਏ। ਜਾਰੀ ਪ੍ਰੈੱਸ ਬਿਆਨ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਬਾਰੇ ਦੱਸਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ 14 ਸਾਲ ਪਹਿਲਾਂ ਪਟੀਸ਼ਨ ਪਾਈ ਗਈ ਸੀ, ਪਰੰਤੂ ਕੇਂਦਰ ਸਰਕਾਰ ਨੇ ਇਸ ਸਬੰਧੀ ਹਮੇਸ਼ਾ ਅੜੀਅਲ ਰਵੱਈਆ ਹੀ ਅਪਣਾਈ ਰੱਖਿਆ। ਸਰਕਾਰ ਦੀ ਅਜਿਹੀ ਪਹੁੰਚ ਜਿਥੇ ਸਿੱਖ ਭਾਵਨਾਵਾਂ ਦਾ ਨਿਰਾਦਰ ਹੈ ਉਥੇ ਹੀ ਘਟਗਿਣਤੀਆਂ ਪ੍ਰਤੀ ਉਸ ਦੀ ਸੋਚ ਨੂੰ ਪ੍ਰਗਟਾਉਂਦੀ ਹੈ। ਉਨ੍ਹਾਂ ਕਿਹਾ ਕਿ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਸ਼੍ਰੋਮਣੀ ਕਮੇਟੀ ਨੂੰ ਬਾਰ ਬਾਰ ਆਪਣੀ ਅਪੀਲ ਵਾਪਸ ਲੈਣ ਲਈ ਕਹਿ ਰਹੇ ਹਨ, ਲੇਕਿਨ ਸ਼੍ਰੋਮਣੀ ਕਮੇਟੀ ਨੇ ਇਹ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਕੀਤੀ ਸੀ। ਇਸ ਲਈ ਅੱਜ ਦੀ ਅੰਤ੍ਰਿੰਗ ਕਮੇਟੀ ਨੇ ਵਿਚਾਰ ਮਗਰੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਆਦੇਸ਼ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਆਦੇਸ਼ ਆਵੇਗਾ ਸ਼੍ਰੋਮਣੀ ਕਮੇਟੀ ਉਸ 'ਤੇ ਪਹਿਰਾ ਦੇਵੇਗੀ। ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧਾਂ ਨੂੰ ਲੈ ਕੇ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰੇ ਸਬੰਧੀ ਵੀ ਚਿੰਤਾ ਪ੍ਰਗਟਾਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਇਕ ਹੋਰ ਵੱਡਾ ਧੱਕਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀ ਜਿੰਨਾ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ ਨੂੰ ਹਥਿਆਉਣ ਲਈ ਕੇਂਦਰ ਗ਼ਲਤ ਤਰੀਕੇ ਅਪਣਾਅ ਰਿਹਾ ਹੈ। ਅੰਤ੍ਰਿੰਗ ਕਮੇਟੀ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਵਿਰੁੱਧ ਹੋਵੇ। ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਏ ਜਾਣ ਸਬੰਧੀ ਪ੍ਰੋਗਰਾਮ ਉਲੀਕਣ ਵਾਸਤੇ ਸਬ-ਕਮੇਟੀ ਗਠਨ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਸਬ-ਕਮੇਟੀ ਵੱਖ-ਵੱਖ ਜਥੇਬੰਦੀਆਂ ਅਤੇ ਭਗਤ ਰਵਿਦਾਸ ਜੀ ਨਾਲ ਸਬੰਧਤ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮਿਲ ਕੇ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਦੀ 29 ਅਪ੍ਰੈਲ ਤੋਂ 1 ਮਈ 2026 ਤੱਕ ਮਨਾਈ ਜਾ ਰਹੀ ਸ਼ਤਾਬਦੀ ਦੇ ਪ੍ਰੋਗਰਾਮਾਂ ਸਬੰਧੀ ਵਿਚ ਵਿਚਾਰਾਂ ਹੋਈਆਂ। ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਖਾਲਸਾ ਸਾਜਣਾ ਦਿਵਸ ਵਿਸਾਖੀ ਦੇ ਸਮਾਗਮਾਂ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਦੇ ਸ੍ਰੀ ਫ਼ਤਹਿਗੜ੍ਹ ਸਾਹਿਬ ਨਜ਼ਦੀਕ ਹੋਏ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ 1-1 ਲੱਖ ਰੁਪਏ ਸਹਾਇਤਾ ਦੇਣ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰਤਾਰ ਨਗਰ ਲੁਧਿਆਣਾ ਵਿਖੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਮੌਕੇ ਹੋਏ ਹਾਦਸੇ 'ਚ ਜਾਨ ਗਵਾਉਣ ਵਾਲੇ ਸ. ਮਨਿੰਦਰ ਸਿੰਘ ਦੇ ਪਰਿਵਾਰ ਨੂੰ ਵੀ 1 ਲੱਖ ਰੁਪਏ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਕੰਗ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਮਿੱਠੂ ਸਿੰਘ ਕਾਹਨੇਕੇ, ਓਐਸਡੀ ਸ. ਸਤਬੀਰ ਸਿੰਘ, ਸੱਕਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ, ਐਕਸੀਅਨ ਸ. ਜਤਿੰਦਰਪਾਲ ਸਿੰਘ ਆਦਿ ਮੌਜੂਦ ਸਨ।

ਜਨਮ ਦਿਹਾੜੇ 'ਤੇ ਵਿਸ਼ੇਸ਼

# ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ



ਭਗਤ ਧੰਨਾ ਜੀ ਦਾ ਜਨਮ ਸੰਮਤ 1473 ਬਿਕ੍ਰਮੀ ਵਿੱਚ ਟਾਂਕ ਦੇ ਇਲਾਕੇ ਪਿੰਡ ਧੂਆਨ ਵਿੱਚ ਜੋ ਦੇਉਲੀ ( ਰਾਜਸਥਾਨ) ਤੋਂ 20 ਮੀਲ ਦੂਰ ਹੈ, ਵਿੱਚ ਹੋਇਆ। ਆਪ ਸਿੱਧੇ ਸਾਦੇ ਸੁਭਾ ਦੇ ਕਿਰਤੀ ਤੇ ਸਿਦਕੀ ਪੁਰਸ਼ ਸਨ।

ਸੋਹਣ ਸਿੰਘ ਸੀਤਲ ਆਪਣੀ ਇੱਕ ਲਿੱਖਤ ਵਿੱਚ ਲਿੱਖਦੇ ਹਨ ਕਿ ਭਗਤ ਧੰਨਾ ਜੀ ਦੇ ਗੁਆਂਢ ਵਿੱਚ ਇੱਕ ਬ੍ਰਾਹਮਣ ਰਹਿੰਦਾ ਸੀ। ਉਹ ਬ੍ਰਹਮਣ ਠਾਕੁਰਾਂ ਦੀ ਪੂਜਾ ਕਰਿਆ ਕਰਦਾ ਸੀ। ਉਸ ਬ੍ਰਹਮਣ ਕੋਲ ਕਾਫੀ ਲੋਕ ਆਉਂਦੇ ਸਨ। ਭਗਤ ਧੰਨਾ ਜੀ ਉਧਰ ਆਪਣੇ ਡੰਗਰ ਚਾਰਨ ਜਾਇਆ ਕਰਦੇ ਸਨ। ਭਗਤ ਧੰਨਾ ਜੀ ਪੰਡਿਤ ਨੂੰ ਠਾਕੁਰਾਂ ਦੀ ਪੂਜਾ ਕਰਦੇ ਦੇਖਦੇ ਸਨ। ਪੰਡਿਤ ਨੂੰ ਠਾਕੁਰਾਂ ਦੀ ਪੂਜਾ ਕਰਦੇ ਦੇਖ ਕੇ ਭਗਤ ਧੰਨਾ ਜੀ ਦੇ ਮਨ ਵਿੱਚ ਵੀ ਭਗਤੀ ਦਾ ਚਾਉ ਜਾਗ ਪਿਆ। ਧੰਨਾ ਜੀ ਪੰਡਿਤ ਕੋਲ ਜਾ ਕੇ ਬੈਠ ਜਾਂਦੇ ਸਨ ਤੇ ਗੱਲਾਂਬਾਤਾਂ ਕਰਦੇ ਰਹਿੰਦੇ ਸਨ। ਉਹ ਪੰਡਿਤ ਨੇ ਦੱਸਣਾ ਕਿ ਜੇ ਠਾਕੁਰਾਂ ਦੀ ਸੱਚੇ ਮਨ ਨਾਲ ਪੂਜਾ ਕਰੀਏ ਤਾਂ ਸਭ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਮੁਕਤੀ ਮਿਲ ਜਾਦੀ ਹੈ। ਦੁੱਖ ਕਲੇਸ਼ ਨਾਸ਼ ਹੋ ਜਾਦੇ ਹਨ। ਪ੍ਰਮਾਤਮਾ ਪਾਸੋਂ ਸਭ ਕੁੱਝ ਮਿਲ ਜਾਦਾ ਹੈ। ਭਗਤ ਧੰਨਾਂ ਜੀ ਦੀ ਉਮਰ ਭਾਵੇਂ ਛੋਟੀ ਸੀ, ਪਰ ਪੰਡਿਤ ਦੀਆਂ ਇੰਨ੍ਹਾਂ ਗੱਲਾਂ ਨੇ ਭਗਤ ਧੰਨਾਂ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਕੀਤਾ। ਉਹਨਾਂ ਨੇ ਪੰਡਿਤ ਕੋਲੋਂ ਇੱਕ ਠਾਕੁਰ ਮੰਗਿਆ। ਇਸ ਲਈ ਕਿ ਮੈਂ ਵੀ ਠਾਕੁਰਾਂ ਦੀ ਪੂਜਾ ਕਰਕੇ ਪ੍ਰਮਾਤਮਾਂ ਦੇ ਦਰਸ਼ਨ ਕਰਨੇ ਹਨ, ਪਰ ਪੰਡਿਤ ਕੋਈ ਨਾ ਕੋਈ ਬਹਾਨਾ ਬਣਾ ਕੇ ਟਾਲ ਦੇਦਾ ਸੀ। ਕਦੀ ਕਹਿਣਾ ਕਿ ਅਜੇ ਤੂੰ ਛੋਟਾ ਹੈ, ਜਦੋਂ ਵੱਡਾ ਹੋਵੇਗਾ ਤਾਂ ਫਿਰ ਠਾਕੁਰ ਦੀ ਮੂਰਤੀ ਲੈ ਜਾਵੀਂ। ਫਿਰ ਪੂਜਾ ਕਰ ਲਵੀਂ। ਭਗਤ ਧੰਨਾ ਜੀ ਪੰਡਿਤ ਦੇ ਕਹਿਣ ਤੇ ਇਹ ਗੱਲ ਮੰਨ ਗਏ ਕਿ ਪੰਡਿਤ ਦੀ ਕ੍ਰਿਪਾ ਤੋਂ ਬਿਨਾਂ ਠਾਕੁਰ ਨਹੀ ਮਿਲਣਾ। ਉਹ ਪੰਡਿਤ ਦੀ ਖੁਸ਼ਾਮਦ ਕਰਨ ਲੱਗ ਪਏ। ਜਦ ਭਗਤ ਧੰਨਾ ਜੀ ਜਵਾਨ ਹੋਏ ਤਾਂ ਜੱਟ ਹੋਣ ਕਰਕੇ ਆਪਣੀ ਪਿਤਾ ਪੁਰਖੀ ਕਿੱਤਾ ਵਾਹੀ ਖੇਤੀ ਦਾ ਕਰਨ ਲੱਗ ਪਏ।

ਆਵਾਜ਼ਿ ਕੌਮ AWAZE QAUM International Newspaper & WEB TV

ਅਖੀਰ ਇੱਕ ਦਿਨ ਧੰਨਾ ਜੀ ਦੀ ਪ੍ਰਮਾਤਮਾ ਪ੍ਰਤੀ ਖਿੱਚ ਨੇ ਅੰਦਰ ਬਹੁਤ ਖਿੱਚ ਪੈਦਾ ਕੀਤੀ ਤੇ ਧੰਨਾ ਜੀ ਪੰਡਿਤ ਕੋਲ ਠਾਕੁਰ ਲੈਣ ਦੁਬਾਰਾ ਗਏ ਤੇ ਜ਼ਿੱਦ ਕਰਕੇ ਬੈਠ ਗਏ ਕਿ ਅੱਜ ਮੈਂ ਠਾਕੁਰ ਲੈ ਕੇ ਹੀ ਜਾਵਾਂਗਾ। ਪੰਡਿਤ ਦਾ ਨਾਂ ਤ੍ਰਿਲੋਚਨ ਸੀ। ਪੰਡਿਤ ਨੇ ਭਗਤ ਧੰਨਾ ਜੀ ਕੋਲੋਂ ਇੱਕ ਗਊ ਮੰਗ ਲਈ। ਧੰਨਾ ਜੀ ਨੇ ਪੰਡਿਤ ਨੂੰ ਇੱਕ ਗਊ ਵੀ ਦੇ ਦਿੱਤੀ। ਅਖ਼ੀਰ ਪੰਡਿਤ ਨੂੰ ਧੰਨਾ ਜੀ ਦੀ ਜ਼ਿੱਦ ਅੱਗੇ ਝੁੱਕਣਾ ਪਿਆ ਤੇ ਠਾਕੁਰ ਦੀ ਮੂਰਤੀ ਦੀ ਜਗ੍ਹਾ ਇੱਕ ਛੋਟਾ ਪੱਥਰ ਕੱਪੜੇ ਵਿੱਚ ਲਪੇਟ ਕੇ ਫੜ੍ਹਾ ਦਿੱਤਾ। ਭਗਤ ਧੰਨਾ ਜੀ ਨੂੰ ਪੰਡਿਤ ਨੇ ਜੋ ਠਾਕੁਰ ਦੀ ਪੂਜਾ ਕਰਨ ਦੀ ਵਿਧੀ ਦੱਸੀ ਸੀ, ਉਸ ਅਨੁਸਾਰ ਧੰਨਾ ਜੀ ਪੂਜਾ ਕਰਨ ਲੱਗ ਪਏ। ਹੱਥ ਜੋੜ੍ਹ ਕੇ ਨੇਤਰ ਬੰਦ ਕਰਕੇ ਪ੍ਰਮਾਤਮਾ ਦਾ ਸਿਮਰਨ ਕਰਨ ਲੱਗ ਪਏ। ਧੰਨਾ ਜੀ ਲਈ ਰੋਟੀ ਆ ਗਈ। ਭਗਤ ਧੰਨਾ ਜੀ ਨੇ ਅਰਦਾਸ ਬੇਨਤੀ ਕੀਤੀ ਕਿ ਹੇ !ਭਗਵਾਨ ਜਿੰਨ੍ਹਾਂ ਚਿਰ ਤੂੰ ਭੋਜਨ ਨਹੀ ਛਕੇਗਾਂ, ਉਨਾਂ ਚਿਰ ਮੈਂ ਵੀ ਨਈ ਛੱਕਣਾ। ਉਹ ਵੀ ਮੇਰੇ ਸਾਹਮਣੇ ਬੈਠ ਕੇ। ਕਈ ਦਿਨ ਬੀਤ ਗਏ। ਆਖ਼ਿਰ ਭਗਤ ਧੰਨਾ ਜੀ ਦਾ ਵਿਸ਼ਵਾਸ ਜਿੱਤ ਗਿਆ ਤੇ ਭਗਵਾਨ ਨੂੰ ਆ ਕੇ ਦਰਸ਼ਨ ਦੇਣੇ ਪਏ ਤੇ ਭਗਤ ਧੰਨਾ ਜੀ ਦੇ ਸਾਹਮਣੇ ਬੈਠ ਕੇ ਭਗਵਾਨ ਨੇ ਭੋਜਨ ਛਕਿਆ। ਗੁਰਬਾਣੀ ਦਾ ਸ਼ਬਦ ਹੈ ਕਿ:

ਭੋਲੇ ਭਾਇ ਮਿਲੈ ਰਘੁਰਾਇਆ।। (ਰਾਗੁ ਗਉੜੀ ਭਗਤ ਕਬੀਰ ਜੀ, ਅੰਗ 324)

ਭਾਈ ਗੁਰਦਾਸ ਜੀ ਲਿੱਖਦੇ ਹਨ ਕਿ:

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।
ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ। (ਵਾਰ 10ਵੀਂ, ਪਉੜੀ 13ਵੀਂ)

ਭਗਤ ਧੰਨਾ ਜੀ ਇਹ ਜਾਣ ਗਏ ਕਿ ਭਗਵਾਨ ਪੱਥਰਾਂ ਵਿੱਚ ਨਹੀ ਸਗੋਂ ਆਪਣੇ ਅੰਦਰ ਨੂੰ ਪੜਚੋਲਣ ਦੀ ਲੋੜ ਹੈ। ਮਨ ਵਿੱਚ ਵੈਰਾਗ ਪੈਦਾ ਹੋ ਗਿਆ। ਭਗਤ ਧੰਨਾ ਜੀ ਤੀਰਥ ਯਾਤਰਾ ਤੇ ਨਿਕਲ ਪਏ । ਤੀਰਥ ਯਾਤਰਾ ਕਰਦੇ ਆਪ ਕਾਸ਼ੀ ਪੁੱਜ ਗਏ। ਉੱਥੇ ਉਹਨਾਂ ਦਾ ਮੇਲ ਭਗਤ ਰਾਮਾਨੰਦ ਜੀ ਨਾਲ ਹੋਇਆ। ਉਹਨਾਂ ਦੀ ਰਹਿਣੀ ਬਹਿਣੀ ਤੇ ਭਗਤੀ ਦੇਖ ਕੇ ਆਪ ਭਗਤ ਰਾਮਾਨੰਦ ਜੀ ਦੇ ਚੇਲੇ ਬਣ ਗਏ। ਬੁੱਤ ਪੂਜਾ ਤੋਂ ਉੱਪਰ ਉੱਠ ਕੇ ਭਗਤ ਧੰਨਾ ਜੀ ਇੱਕ ਨਿਰੰਕਾਰ ਦੇ ਪੁਜਾਰੀ ਬਣ ਗਏ। ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਰਵੀਦਾਸ ਜੀ ਤੇ ਭਗਤ ਸੈਣ ਜੀ ਦੀ ਉੱਚੀ ਸੁੱਚੀ ਰਹਿਣੀ ਬਹਿਣੀ ਨੇ ਭਗਤ ਧੰਨਾ ਜੀ ਦੇ ਜੀਵਨ ਤੇ ਬਹੁਤ ਅਸਰ ਕੀਤਾ। ਭਗਤ ਧੰਨਾ ਜੀ ਦੀ ਵਡਿਆਈ ਵਿੱਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ:

ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।। (ਰਾਗ ਆਸਾ, ਅੰਗ 488)

ਪਿਆਰਾ ਸਿੰਘ ਪਦਮ ਲਿੱਖਦੇ ਹਨ ਕਿ ਭਗਤ ਧੰਨਾ ਜੀ ਦੀ ਨਿਸ਼ਕਾਮਤਾ, ਦਲੇਰੀ ਤੇ ਦਿਲ ਦੀ ਸ੍ਵੈਛਤਾ ਉਨ੍ਹਾਂ ਭਜਨਾਂ ਜਾਂ ਗੀਤਾਂ ਤੋਂ ਜ਼ਾਹਿਰ ਹੈ ਜਿੰਨ੍ਹਾਂ ਵਿੱਚ ਉਨ੍ਹਾਂ ਬਿਨਾਂ ਕਿਸੇ ਸੰਕੋਚ ਦੇ ਆਪਣੀਆਂ ਪ੍ਰਮਾਰਥਿਕ ਲੋੜ੍ਹਾਂ ਤੋਂ ਇਲਾਵਾ ਸੰਸਾਰੀ ਮੰਗਾਂ ਵੀ ਦੁਹਰਾਈਆਂ ਤੇ ਆਪਣੇ ਪ੍ਰਭੂ ਦਾ ਆਰਤੀ ਦੀ ਥਾਂ ਆਰਤਾ ਉਤਾਰਿਆਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪ ਦੇ ਤਿੰਨ ਸ਼ਬਦ ਆਸਾ ਤੇ ਰਾਗੁ ਧਨਾਸਰੀ ਵਿੱਚ ਦਰਜ ਹਨ।

ਗੋਪਾਲ ਤੇਰਾ ਆਰਤਾ।।
ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।। ਰਹਾਉ।।
ਦਾਲਿ ਸੀਧਾ ਮਾਗਉ ਘੀਉ।।
ਹਮਰਾ ਖੁਸੀ ਕਰੈ ਨਿਤ ਜੀਉ।।
ਪਨੀਆ ਛਾਦਨੁ ਨੀਕਾ।।
ਅਨਾਜੁ ਮਗਉ ਸਤ ਸੀ ਕਾ।।
ਗਊ ਭੈਸ ਮਗਉ ਲਵੇਰੀ।।
ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿ ਚੰਗੀ।।
ਜਨੁ ਧੰਨਾ ਲੇਵੈ ਮੰਗੀ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 695)

ਭਗਤ ਧੰਨਾ ਜੀ ਦੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਇਹ ਸ਼ਬਦ ਆਸਾ ਰਾਗ ਤੇ ਧਨਾਸਰੀ ਰਾਗ ਵਿੱਚ ਦਰਜ ਹਨ। ਭਗਤ ਧੰਨਾ ਜੀ ਦੱਸਦੇ ਹਨ ਕਿ ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। ਇਸ ਪ੍ਰਥਾਏ ਰਾਗ ਆਸਾ ਵਿੱਚ ਉਹਨਾਂ ਸ਼ਬਦ ਉਚਾਰਿਆ ਹੈ।

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ।
ਲ਼ਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ।। ਰਹਾਉ।।
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ।
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ।
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ।
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ।
ਗਿਆਨ ਪ੍ਰਵੇਸ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ।
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ।
ਧੰਨੈ ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ।
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 487)**

ਗਿਆਨੀ ਮਨੀ ਸਿੰਘ ਜੀ ਲਿੱਖਦੇ ਹਨ ਕਿ ਭਗਤ ਧੰਨਾ ਜੀ ਦਾ ਜਸ ਫੈਲ ਗਿਆ ਤੇ ਧੰਨਾ ਜੀ ਐਸੇ ਸਿਮਰਨ ਤੇ ਸੇਵਾ ਵਿੱਚ ਲੱਗੇ ਕਿ ਦੂਰ-ਦੂਰ ਤੋਂ ਸਾਧੂ ਸੰਤ ਆਪ ਦੇ ਦਰਸ਼ਨ ਕਰਨ ਲਈ ਆਉਂਦੇ ਤੇ ਧੰਨਾ ਜੀ ਦੇ ਮਨ ਵਿੱਚ ਏਨਾ ਚਾਨਣਾ ਹੋ ਗਿਆ ਕਿ ਉਹ ਭੂਤ ਭਵਿੱਖ ਦੇ ਜਾਣੂ ਬ੍ਰਹਮ ਗਿਆਨੀ ਹੋ ਗਏ।

**-ਧਰਮਿੰਦਰ ਸਿੰਘ (ਚੱਬਾ)**
**ਪਿੰਡ ਤੇ ਡਾਕ: ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ-143022**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋਂ ਪਾਵਾ ॥

**ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

**1 ਨਵੰਬਰ 2026, ਦਿਨ ਐਤਵਾਰ ਨੂੰ**

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**

**ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137**

**ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ**

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

# ਹੋਂਦ ਚਿੱਲੜ ਸਮੇਤ ਹਰਿਆਣਾ ਦੇ ਵੱਖ ਵੱਖ ਥਾਵਾਂ ਤੋਂ 1984 ਸਿੱਖ ਕਤਲੇਆਮ ਦੇ ਪੀੜਤ ਪ੍ਰੀਵਾਰਾਂ ਨੇ ਭਾਈ ਘੋਲੀਆ ਦੀ ਅਗਵਾਈ ਵਿੱਚ ਜਥੇਦਾਰ ਦਾਦੂਵਾਲ ਨੂੰ ਦਿੱਤਾ ਮੰਗ ਪੱਤਰ

## ਹਰਿਆਣਾ ਸਰਕਾਰ ਪੀੜਤ ਪਰਿਵਾਰਾਂ ਨੂੰ ਦੇ ਚੁੱਕੀ ਹੈ 22 ਕਰੋੜ 60 ਲੱਖ ਮੁਆਵਜ਼ਾ ਅਤੇ 121 ਪਰਿਵਾਰਾਂ ਨੂੰ ਨੌਕਰੀਆਂ

**ਤਲਵੰਡੀ ਸਾਬੋ/ਕਾਲਾਂਵਾਲੀ (ਗੁਰਜੰਟ ਸਿੰਘ ਨਥੇਹਾ)**- ਨਵੰਬਰ1984 ਵਿੱਚ ਦਿੱਲੀ ਸਮੇਤ ਭਾਰਤ ਦੀਆਂ ਵੱਖ ਵੱਖ ਸਟੇਟਾਂ ਅੰਦਰ ਪ੍ਰਧਾਨ ਮੰਤਰੀ ਰਜੀਵ ਗਾਂਧੀ ਦੀ ਕਾਂਗਰਸ ਸਰਕਾਰ ਵੱਲੋਂ ਸੋਚੀ ਸਮਝੀ ਸਾਜਿਸ਼ ਦੇ ਤਹਿਤ ਟਾਰਗੇਟ ਕਰਕੇ ਸਿੱਖ ਕਤਲੇਆਮ ਕੀਤਾ ਗਿਆ ਜਿਸ ਦਾ ਅਜੇ ਤੱਕ ਪੂਰਾ ਇਨਸਾਫ਼ ਪੀੜਤ ਪ੍ਰੀਵਾਰਾਂ

ਆਵਾਜ਼ਿ ਕੌਮ AWAZE QAUM
International Newspaper & WEB TV

ਨੂੰ ਪ੍ਰਾਪਤ ਨਹੀਂ ਹੋਇਆ ਪਿਛਲੇ ਸਮੇਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਭਾਰਤ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਪ੍ਰੀਵਾਰਾਂ ਦੇ ਜਖਮਾਂ ਤੇ ਮੱਲਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਤਹਿਤ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਕੁਝ ਦੋਸ਼ੀਆਂ ਨੂੰ ਸਜਾਵਾਂ,ਪੀੜਤ ਪ੍ਰੀਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਗਈਆਂ ਹਨ ਪਰ ਅਜੇ ਵੀ ਸਿੱਖ ਕਤਲੇਆਮ ਦੇ ਪੀੜਤ ਪ੍ਰੀਵਾਰਾਂ ਨੂੰ ਪੂਰਨ ਇਨਸਾਫ਼ ਪ੍ਰਾਪਤ ਨਹੀਂ ਹੋਇਆ ਮੀਡੀਆ ਨੂੰ ਇੱਕ ਲਿਖਤੀ ਪ੍ਰੈਸਨੋਟ ਜਾਰੀ ਕਰਦਿਆਂ ਜਥੇਦਾਰ ਦਾਦੂਵਾਲ ਜੀ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦੇ ਦੱਸਿਆ ਕੇ ਪਿੰਡ ਹੋਂਦ ਚਿੱਲੜ ਰਿਵਾੜੀ ਗੁੜਗਾਂਉ ਸਿਰਸਾ ਸਮੇਤ ਵੱਖ ਵੱਖ ਥਾਵਾਂ ਤੋਂ ਨਵੰਬਰ 1984 ਦੌਰਾਨ ਕਾਂਗਰਸ ਦੀ ਸਰਕਾਰ ਵੱਲੋਂ ਕੀਤੇ ਕੀਤੇ ਸਿੱਖ ਕਤਲੇਆਮ ਦੇ ਪੀੜਤ ਪ੍ਰੀਵਾਰ 'ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ' ਦੇ ਸੰਚਾਲਕ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਇੱਕ ਵਫ਼ਦ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਮਿਲਣ ਵਾਸਤੇ ਪੁੱਜੇ ਅਤੇ ਉਨਾਂ ਨੇ ਇੱਕ ਮੰਗ ਪੱਤਰ ਜਥੇਦਾਰ ਦਾਦੂਵਾਲ ਜੀ ਨੂੰ ਸੌਂਪਿਆ ਜਥੇਦਾਰ ਦਾਦੂਵਾਲ ਜੀ ਨੇ ਭਾਈ ਘੋਲੀਆ ਦੀ ਅਗਵਾਈ ਵਿੱਚ ਪੁੱਜੇ ਪੀੜਤ ਪ੍ਰੀਵਾਰਾਂ ਦੇ ਵਫ਼ਦ ਨੂੰ ਜਲਦੀ ਹੀ ਮਾਣਯੋਗ ਮੁੱਖ ਮੰਤਰੀ ਹਰਿਆਣਾ ਸ੍ਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਉਨਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ ਭਾਈ ਬਰਾੜ ਨੇ ਦੱਸਿਆ ਕੇ ਪਿਛਲੇ ਸਮੇਂ ਹਰਿਆਣਾ ਸਰਕਾਰ ਵੱਲੋਂ ਮਾਣਯੋਗ ਟੀਪੀ ਗਰਗ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੀੜਤ ਪ੍ਰੀਵਾਰਾਂ ਨੂੰ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਗਿਆ ਸੀ ਸਾਲ 2025 ਵਿੱਚ ਸ੍ਰੀ ਨਾਇਬ ਸਿੰਘ ਸੈਣੀ ਹਰਿਆਣਾ ਸਰਕਾਰ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ 121 ਪ੍ਰੀਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਸ ਵਿੱਚ 34 ਪ੍ਰੀਵਾਰਾਂ ਦੇ ਬੱਚੇ ਬੱਚੀਆਂ ਨੂੰ ਨਿਯੁਕਤੀ ਪੱਤਰ 24 ਨਵੰਬਰ 2025 ਨੂੰ ਪੰਚਕੂਲਾ ਵਿਖੇ ਦੇਸ਼ ਦੇ ਮਾਨਯੋਗ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜੀ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀ ਹਾਜ਼ਰੀ ਵਿੱਚ ਦਿੱਤੇ ਗਏ ਸਨ ਭਾਈ ਬਰਾੜ ਨੇ ਦੱਸਿਆ ਕੇ ਪੀੜਤ ਪ੍ਰੀਵਾਰਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਮੰਗ ਪੱਤਰ ਵਿੱਚ ਦੱਸਿਆ ਕੇ ਉਨਾਂ ਨੂੰ ਯੋਗਤਾ ਦੇ ਹਿਸਾਬ ਅਨੁਸਾਰ ਨੌਕਰੀਆਂ ਨਹੀਂ ਦਿੱਤੀਆਂ ਗਈਆਂ ਇਸ ਲਈ 34 ਵਿੱਚੋਂ 31 ਪ੍ਰੀਵਾਰਾਂ ਨੇ ਨਿਯੁੱਕਤੀ ਪੱਤਰ ਸਰਕਾਰ ਨੂੰ ਵਾਪਿਸ ਕਰ ਦਿੱਤੇ ਸਨ ਪੀੜਤ ਪ੍ਰੀਵਾਰਾਂ ਨੇ ਜਥੇਦਾਰ ਦਾਦੂਵਾਲ ਜੀ ਕੋਲ ਪਹੁੰਚ ਕਰਕੇ ਮੰਗ ਕੀਤੀ ਕਿ ਉਨਾਂ ਦੇ ਬੱਚਿਆਂ ਨੂੰ ਯੋਗਤਾ ਦੇ ਆਧਾਰ ਉੱਪਰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਜੋ ਪੀੜਤ ਪ੍ਰੀਵਾਰ ਵਾਂਝੇ ਰਹਿ ਗਏ ਹਨ ਉਨਾਂ ਨੂੰ ਵੀ ਮੁਆਵਜ਼ਾ ਅਤੇ ਨੌਕਰੀਆਂ ਦਿਵਾਈਆਂ ਜਾਣ ਭਾਈ ਬਰਾੜ ਨੇ ਦੱਸਿਆ ਕੇ ਹੌਂਦ ਚਿੱਲੜ ਪ੍ਰੀਵਾਰ ਜਿੱਥੇ ਇੱਕੋ ਦਿਨ ਵਿੱਚ 32 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਜਿਨਾਂ ਵਿੱਚ 31 ਹੋਂਦ ਚਿੱਲੜ ਅਤੇ ਇੱਕ ਭਾਈ ਇੰਦਰਜੀਤ ਸਿੰਘ ਬਟਾਲਾ ਗੁਰਦਾਸਪੁਰ ਦਾ ਇੱਕ ਫੌਜੀ ਸਿੱਖ ਜੋ ਬਦਲੇ ਹਾਲਾਤਾਂ ਕਾਰਨ ਹੌਂਦ ਚਿੱਲੜ ਰੇਲਵੇ ਸਟੇਸ਼ਨ ਤੇ ਉੱਤਰ ਕੇ ਸਿੱਖਾਂ ਦੀ ਢਾਣੀ ਹੋਂਦ ਚਿੱਲੜ ਵਿਖੇ ਰਾਤ ਕੱਟਣ ਵਾਸਤੇ ਪੁੱਜਾ ਸੀ ਉਹ ਵੀ ਇਸ ਕਹਿਰ ਦੀ ਭੇਂਟ ਚੜ ਗਿਆ ਸੀ ਹੋਂਦ ਚਿੱਲੜ ਕਤਲੇਆਮ ਵਿੱਚ ਆਪਣੇ ਪਿਤਾ ਚਾਚੇ ਤਾਏ ਦੇ ਪ੍ਰੀਵਾਰ ਵਿੱਚ 18 ਜੀਅ ਗਵਾ ਚੁੱਕੀ ਬੀਬੀ ਗੁੱਡੀ ਕੌਰ ਅਤੇ ਗੁੜਗਾਂਉ ਵਿੱਚ ਆਪਣੇ ਪ੍ਰੀਵਾਰ ਦੇ 6 ਜੀਅ ਮਾਤਾ ਪਿਤਾ ਸਮੇਤ ਚਾਰ ਭੈਣ ਭਰਾ ਗਵਾ ਚੁੱਕੇ ਭਾਈ ਰਾਮ ਸਿੰਘ ਜੋ ਅੱਜ ਕੱਲ ਪਟਿਆਲਾ ਵਿਖੇ ਨਿਵਾਸ ਕਰ ਰਿਹਾ ਹੈ ਨੇ ਕਿਹਾ ਕੇ ਅੱਜ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਵਫ਼ਦ ਲੈ ਕੇ ਜਥੇਦਾਰ ਦਾਦੂਵਾਲ ਜੀ ਕੋਲ ਇਸ ਲਈ ਪੁੱਜੇ ਹਾਂ ਕੇ ਜਥੇਦਾਰ ਦਾਦੂਵਾਲ ਜੀ ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖ ਆਗੂ ਹਨ ਅਤੇ ਹਮੇਸ਼ਾਂ ਪੰਥਕ ਮਾਮਲਿਆ ਤੇ ਅਵਾਜ਼ ਬੁਲੰਦ ਕਰਦੇ ਦੀਨ ਦੁਖੀਆਂ ਦੀ ਬਾਂਹ ਫੜਦੇ ਹਨ ਅਤੇ ਬਿਨਾਂ ਕਿਸੇ ਦੀ ਪ੍ਰਵਾਹ ਕੀਤੇ ਅਕਾਲ ਪੁਰਖ ਵਾਹਿਗੁਰੂ ਜੀ ਦਾ ਓਟ ਆਸਰਾ ਲੈ ਕੇ ਅਨੇਕਾਂ ਸਲਾਘਾਯੋਗ ਪੰਥਕ ਸਮਾਜਿਕ ਕਾਰਜ ਕੀਤੇ ਹਨ ਪੀੜਤ ਪ੍ਰੀਵਾਰਾਂ ਨੇ ਕਿਹਾ ਕੇ ਪਹਿਲਾਂ ਵੀ ਜਥੇਦਾਰ ਦਾਦੂਵਾਲ ਸਾਹਿਬ ਨੇ ਸਾਡੀ ਮੱਦਦ ਕੀਤੀ ਹੈ ਅਤੇ ਹੁਣ ਵੀ ਉਹ ਹੀ ਹਰਿਆਣਾ ਵਿੱਚ ਸਾਡੀ ਇੱਕਲੋਤੀ ਆਸ ਹਨ ਸਾਨੂੰ ਪੂਰੀ ਉਮੀਦ ਹੈ ਕੇ ਉਹ ਸਾਨੂੰ ਇਨਸਾਫ਼ ਜਰੂਰ ਦਿਵਾਉਣਗੇ ਸਿੱਖ ਕਤਲੇਆਮ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਦਿਨ ਰਾਤ ਇੱਕ ਕਰਕੇ ਭਾਈ ਦਰਸ਼ਨ ਸਿੰਘ ਘੋਲੀਆ ਵਲੋਂ ਲੜੀ ਜਾ ਰਹੀ ਕਨੂੰਨੀ ਲੜਾਈ ਦੇ ਸਤਿਕਾਰ ਵਜੋਂ ਜਥੇਦਾਰ ਦਾਦੂਵਾਲ ਜੀ ਨੇ ਭਾਈ ਘੋਲੀਆ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ।



ੴ

**Hond Chiller Sikh Insaf Committee**

*Main Office:- Gurudawara Singh Sabha Hond Chiller (Haryana)*

President : Darshan Singh Gholia, M:-97816-95539, 99158-8839

Email:-malwatravel@gmail.com

Ref. No. 1057 — Dated 19/4/26

ਸਤਿਕਾਰਯੋਗ ਸਿੱਖ ਆਗੂ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ

**ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ।।**

ਜਥੇਦਾਰ ਸਾਹਿਬ ਜੀ ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕੇ ਅਸੀਂ ਸਮੂੰਹ 2 ਨਵੰਬਰ 1984 ਨੂੰ ਪਿੰਡ ਹੋਂਦ ਚਿੱਲੜ ਪਟੌਦੀ ਗੁੜਾ ਗੁੜਗਾਂਉ ਮਹਿੰਦਰਗੜ ਰੋਹਤਕ ਸਿਰਸਾ ਹਿਸਾਰ ਰਿਵਾੜੀ ਵਿਖੇ ਉਸ ਸਮੇਂ ਦੀ ਜ਼ਾਲਮ ਕਾਂਗਰਸ ਸਰਕਾਰ ਵੱਲੋਂ ਇੱਕ ਸੋਚੀ ਸਮਝੀ ਸਾਜਿਸ ਦੇ ਤਹਿਤ ਸਰਕਾਰੀ ਸਹਿ ਤੇ ਕਰਵਾਏ ਗਏ ਸਿੱਖ ਕਤਲੇਆਮ ਦੇ ਪੀੜਤ ਪ੍ਰੀਵਾਰ ਆਪ ਜੀ ਨੂੰ ਸਨਿਮਰ ਬੇਨਤੀ ਕਰਦੇ ਹਾਂ ਕੇ ਮਾਣਯੋਗ ਸ੍ਰੀ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਹਰਿਆਣਾ ਸਰਕਾਰ ਤੋਂ ਕਿਰਪਾ ਕਰਕੇ ਸਾਡੇ ਹੇਠ ਲਿਖੇ ਮਸਲੇ ਜਲਦੀ ਹੱਲ ਕਰਵਾ ਕੇ ਦਿਉ ਜੀ।

1. ਹਰਿਆਣਾ ਸਰਕਾਰ ਦੁਆਰਾ 1984 ਦੇ ਸਿੱਖ ਕਤਲੇਆਮ ਦੇ 121 ਪੀੜਤ ਪ੍ਰੀਵਾਰਾਂ ਨੂੰ ਸਰਕਾਰੀ ਪੱਕੀ ਨੌਕਰੀ ਦੇਣ ਦਾ ਸੰਨ 2025 ਵਿੱਚ ਐਲਾਨ ਕੀਤਾ ਗਿਆ ਸੀ ਪਰ 34 ਪੀੜਤ ਪ੍ਰੀਵਾਰਾਂ ਦੇ ਬੱਚਿਆਂ ਨੂੰ ਕਾਨਟੈਕਟ ਬੇਸ ਤੇ ਨੌਕਰੀ ਦਿੱਤੀ ਗਈ ਸੀ ਇਹ ਨੌਕਰੀ ਬੱਚਿਆਂ ਦੀ ਵਿਦਿਅਕ ਯੋਗਤਾ ਦੇ ਆਧਾਰ ਪਰ ਨਹੀਂ ਸੀ ਇਸ ਲਈ 31 ਪ੍ਰੀਵਾਰਾਂ ਵੱਲੋਂ ਨਿਯੁੱਕਤੀ ਪੱਤਰ ਵਾਪਿਸ ਸਰਕਾਰ ਨੂੰ ਸੌਂਪ ਦਿੱਤੇ ਗਏ ਸਨ ਕਿਰਪਾ ਕਰਕੇ ਦੂਜੇ ਰਾਜਾਂ ਮੱਧ ਪ੍ਰਦੇਸ਼ ਯੂਪੀ ਵਾਂਗ ਹਰਿਆਣਾ ਵਿੱਚ ਵੀ ਪੀੜਤ ਪ੍ਰੀਵਾਰਾਂ ਨੂੰ ਪੱਕੀ ਸਰਕਾਰੀ ਨੌਕਰੀ ਯੋਗਤਾ ਦੇ ਆਧਾਰ ਪਰ ਦਿਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ
2. ਭਾਰਤ ਦੇ ਦੂਜੇ ਰਾਜਾਂ ਵਾਂਗ ਹਰਿਆਣਾ ਸਰਕਾਰ ਵਲੋਂ ਸਪੈਸ਼ਲ ਸਿਟ ਬਣਵਾ ਕੇ ਸਿੱਖ ਕਤਲੇਆਮ ਦੇ ਦੋਸ਼ੀਆ ਨੂੰ ਸਖ਼ਤ ਸਜ਼ਾਵਾਂ ਦਿਵਾ ਕੇ ਪੀੜਤ ਪ੍ਰੀਵਾਰਾਂ ਨੂੰ ਇਨਸਾਫ਼ ਦਿਵਾਇਆ ਜਾਵੇ
3. ਜਿੰਨਾਂ ਪੀੜਤ ਪ੍ਰੀਵਾਰਾਂ ਨੂੰ ਅਜੇ ਤੱਕ ਮੁਆਵਜ਼ਾ ਜਾਂ ਸਰਕਾਰੀ ਨੌਕਰੀ ਪ੍ਰਾਪਤ ਨਹੀਂ ਹੋਈ ਉਨਾਂ ਪੀੜਤ ਪ੍ਰੀਵਾਰਾਂ ਦੇ ਬੱਚਿਆਂ ਨੂੰ ਵੀ ਪੱਕੀ ਸਰਕਾਰੀ ਨੌਕਰੀ ਦਿਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਸਾਨੂੰ ਪੂਰਨ ਭਰੋਸਾ ਹੈ ਕੇ ਆਪ ਜੀ ਪੰਥਕ ਕਾਰਜਾਂ ਲਈ ਹਰ ਵੇਲੇ ਯਤਨਸ਼ੀਲ ਰਹਿੰਦੇ ਹੋ ਤੇ ਸਾਡੇ ਇਹ ਮਸਲੇ ਵੀ ਹਰਿਆਣਾ ਸਰਕਾਰ ਤੋਂ ਜਲਦੀ ਹੱਲ ਕਰਵਾ ਕੇ ਦੇਵੋਗੇ ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ

ਧੰਨਵਾਦ ਸਹਿਤ

ਬੇਨਤੀ ਕਰਤਾ
'ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ'
ਅਤੇ 1984 ਸਿੱਖ ਕਤਲੇਆਮ ਪੀੜਤ ਪ੍ਰੀਵਾਰ

Ranjeet Singh.
Hardeep Singh

### ਪੰਜਾਬੀ ਲੋਕ-ਨਾਚ "ਗਿੱਧੇ" ਸੰਬੰਧੀ ਹੁਨਰ ਵਿਕਾਸ ਲਈ

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ "ਹੁਨਰ ਮੁਟਿਆਰਾਂ ਦਾ" ਪ੍ਰੋਗਰਾਮ ਆਯੋਜਿਤ










ਤਲਵੰਡੀ ਸਾਬੋ, 20, ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਵਿਰਸੇ ਦੇ ਅਨਿੱਖੜਵੇਂ ਅੰਗ ਲੋਕ-ਨਾਚ "ਗਿੱਧੇ" ਦੇ ਇਤਿਹਾਸ, ਤਕਨੀਕੀ ਪਿਛੋਕੜ, ਮੰਚਨ ਅਤੇ ਨੌਜਵਾਨਾਂ ਵਿੱਚ ਇਨ੍ਹਾਂ ਦੇ ਹੁਨਰ ਨੂੰ ਪ੍ਰੋਤਸਾਹਿਤ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟੋਰੇਟ ਆਫ਼ ਯੁਵਾ ਅਤੇ ਸੱਭਿਆਚਾਰਕ ਮਾਮਲੇ ਵੱਲੋਂ "ਹੁਨਰ ਮੁਟਿਆਰਾਂ ਦਾ" ਨਾਂ ਦੀ ਵਰਕਸ਼ਾਪ ਆਯੋਜਿਤ ਕੀਤੀ ਗਈ। ਜਿਸ ਵਿੱਚ ਪੰਜਾਬੀ ਸਚਿਆਚਾਰ ਦੇ ਪ੍ਰਸਿੱਧ ਵਿਦਵਾਨ

ਆਵਾਜ਼ਿ ਕੌਮ AWAZE QAUM International Newspaper & WEB TV

ਪਾਲ ਸਿੰਘ ਸਮਾਉ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦ ਕਿ ਅਮਨਦੀਪ ਕੌਰ ਮੱਲ ਸਿੰਘ ਵਾਲਾ, ਮਨਜਿੰਦਰ ਬੋਹਾ ਤੇ ਕਮਲ ਟਾਂਡੀਆਂ ਨੇ ਤਕਨੀਕੀ ਮਾਹਿਰਾਂ ਵਜੋਂ ਆਪਣੇ ਵਿਚਾਰ ਸਾਂਝੇ ਕੀਤੇ ਤੇ ਵਿਦਿਆਰਥਣਾਂ ਨੂੰ ਗਿੱਧੇ ਦਾ ਮੰਚ ਤੇ ਅਭਿਆਸ ਕਰਵਾਇਆ। ਇਸ ਮੌਕੇ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ ਅਤੇ ਡਾਇਰੈਕਟਰ ਸੁਰੱਖਿਆ ਦੇਸ ਰਾਜ ਕੰਬੋਜ਼ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਵਰਕਸ਼ਾਪ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਯੁਵਾ ਤੇ ਸਭਿਆਚਾਰਕ ਮਾਮਲੇ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਦੀ ਮਹਾਨ ਸਭਿਆਚਾਰਕ ਵਿਰਾਸਤ ਲੋਕ- ਨਾਚ ਗਿੱਧੇ ਨੂੰ ਯੁਵਾ ਪੀੜ੍ਹੀ ਵਿੱਚ ਹਰਮਨ-ਪਿਆਰਾ ਬਣਾਉਣ ਅਤੇ ਮੁਟਿਆਰਾਂ ਨੂੰ ਇਸ ਸੰਬੰਧੀ ਤਕਨੀਕੀ ਅਤੇ ਸਟੇਜ ਮੰਚਨ ਦੇ ਨੁਕਤਿਆਂ ਬਾਰੇ ਜਾਣਕਾਰੀ ਦੇਣ ਲਈ ਇਸ ਵਰਕਸ਼ਾਪ ਦਾ

**ਪੰਜਾਬੀ ਲੋਕ-ਨਾਚ "ਗਿੱਧੇ" ਸੰਬੰਧੀ ਹੁਨਰ ਵਿਕਾਸ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ "ਹੁਨਰ ਮੁਟਿਆਰਾਂ ਦਾ" ਪ੍ਰੋਗਰਾਮ ਆਯੋਜਿਤ**

ਆਯੋਜਨ ਕੀਤਾ ਗਿਆ, ਜਿਸ ਵਿੱਚ ਵਰਸਿਟੀ ਦੇ ਵੱਖ-ਵੱਖ ਫੈਕਲਟੀ ਦੀਆਂ ਲਗਭਗ 250 ਮੁਟਿਆਰਾਂ ਨੇ ਹਿੱਸਾ ਲਿਆ। ਉਹਨਾਂ ਕਿਹਾ ਕਿ ਵਰਕਸ਼ਾਪ ਦੇ ਆਯੋਜਨ ਨਾਲ ਵਿਦਿਆਰਥਣਾਂ ਨੇ ਇਸ ਸਿਰਜਨਾਤਮਕ ਨਾਚ ਬਾਰੇ ਲਾਭਦਾਇਕ ਨੁਕਤੇ ਸਿੱਖੇ, ਜਿਨ੍ਹਾਂ ਨਾਲ ਉਹਨਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਹੋਇਆ। ਉਹਨਾਂ ਕਿਹਾ ਕਿ ਇਹ ਤਜ਼ੁਰਬਾ ਵਿਦਿਆਰਥਣਾਂ ਵਿੱਚ ਸਟੇਜ ਦਾ ਡਰ ਦੂਰ ਕਰਨ ਵਿੱਚ ਸਹਾਈ ਹੋਵੇਗਾ। ਕਿਉਂਕਿ ਨੌਜਵਾਨ ਪੀੜ੍ਹੀ ਪੱਛਮੀ ਸਭਿਆਚਾਰ ਦੇ ਵਧੇਰੇ ਪ੍ਰਚਲਣ-ਵੱਲ ਜੁੜ ਰਹੀ ਹੈ। ਉਹਨਾਂ ਨੂੰ ਆਪਣੇ ਅਮੀਰ ਵਿਰਸੇ ਅਤੇ ਸਭਿਆਚਾਰ ਨਾਲ ਜੋੜੇ ਰੱਖਣ ਲਈ ਇਹ ਵਰਕਸ਼ਾਪ ਸਹਾਈ ਹੋਵੇਗੀ।

# ਸਿਟੀ ਪੁਲਿਸ ਧੂਰੀ ਨੇ ਚੋਰੀ ਦੀਆਂ ਵਾਰਦਾਤਾਂ ਕਰਨ, ਦੁਕਾਨਾਂ ਦੇ ਜਿੰਦੇ ਤੋੜਨ ਅਤੇ ਨਸ਼ਾ ਵੇਚਣ ਵਾਲੇ 5 ਦੋਸ਼ੀਆਂ ਨੂੰ ਕੀਤਾ ਕਾਬੂ




**ਧੂਰੀ ( ਰਣਜੀਤ ਸਿੰਘ ਪੇਧਨੀ )**-ਸ੍ਰੀ ਸਰਤਾਜ ਸਿੰਘ ਚਾਹਲ, IPS, ਐਸ.ਐਸ.ਪੀ ਸਾਹਿਬ ਸੰਗਰੂਰ ਦੇ ਦਿਸਾ ਨਿਰਦੇਸਾ ਹੇਠ ਸ੍ਰੀ ਗੁਰਪ੍ਰੀਤ ਸਿੰਘ, PPS. DSI ਧੂਰੀ ਦੀ ਅਗਵਾਈ ਹੇਠ ਇੰਸ: ਜਸਵੀਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਧੂਰੀ ਦੀ ਟੀਮ ਵੱਲੋ ਸਹਿਰੀ ਧੂਰੀ ਅੰਦਰ ਨਾ ਮਲੂਮ ਵਿਅਕਤੀਆਂ ਵੱਲੋਂ ਮਿਤੀ 11/4/2026 ਦੀ ਦਰਮਿਆਨੀ ਰਾਤ ਨੂੰ ਪੰਜ ਦੁਕਾਨਾਂ ਨੇੜੇ ਭਲਵਾਨ ਵਾਲਾ ਅੱਡਾ ਧੂਰੀ ਦੇ ਜਿੰਦਰੇ ਤੋੜ ਕੇ ਗੱਲਿਆਂ ਵਿਚੋ 65000/ ਰੁਪਏ ਚੋਰੀ ਹੋਣ ਸੰਬੰਧੀ ਮੁਕੱਦਮਾ 54 13.04.2025 ਅ/ਧ 331(4), 305 ਬੀ ਐਨ ਐਸ ਥਾਣਾ ਸਿਟੀ ਧੂਰੀ ਨਾ ਮਾਲੂਮ ਦੋਸੀਆ ਦੇ ਖਿਲਾਫ ਦਰਜ ਰਜਿਸਟਰ ਕਰਕੇ ਕੁੱਝ ਹੀ ਸਮੇ ਅੰਦਰ ਟੈਕਨੀਕਲ ਢੰਗ ਨਾਲ ਇੰਨਾ ਚੋਰੀ ਦੀਆਂ ਵਾਰਦਾਤਾ ਨੂੰ ਟਰੇਸ ਕਰਕੇ ਦੌਰਾਨੇ ਤਫਤੀਸ 5 ਦੋਸੀਆ ਨੂੰ ਸਮੇਤ 02 ਚੋਰੀ ਦੇ ਮੋਟਰਸਾਇਕ ਅਤੇ 1400 ਨਸੀਲੀਆ ਗੋਲੀਆ ਸਮੇਤ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 54 ਮਿਤੀ 13.04.2025 / 331(4), 305 ਬੀ.ਐਨ.ਐਸ ਥਾਣਾ ਸਿਟੀ ਧੂਰੀ ਨਾ ਮਲੂਮ ਵਿਆਕਤੀਆ ਦੇ ਦਰਜ ਰਜਿਸਟਰ ਕੀਤਾ ਗਿਆ ਸੀ। ਦੌਰਾਨੇ ਤਫਰੀਸ ਮੁੱਕਦਮਾ ਹਜਾ ਵਿੱਚ ਦੋਸੀਆਨ 1. ਸ਼ਰਵਣ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਕਲੋਨੀਆ ਪਿੰਡ ਉਭਾਵਾਲ, 2.ਲਖਵਿੰਦਰ ਸਿੰਘ ਉਰਫ ਨੰਦੂ ਪੁੱਤਰ ਸੋਨੀ ਸਿੰਘ ਵਾਸੀ ਨੇੜੇ ਨਮੋਲ ਵਾਲਾ ਅੱਡਾ ਉਭਾਵਾਲ 3.ਸੰਦੀਪ ਪੁੱਤਰ ਨਰੇਸ਼ ਵਾਸੀ ਰਾਜਨਗਰ ਬਸਤੀ ਨੇੜੇ ਅੰਡਰਬ੍ਰਿਜ ਟੋਹਾਣਾ ਹਰਿਆਣਾ,4.ਅਰਮਾਨ ਉਰਫ ਮਾਨੂੰ ਪੁੱਤਰ ਸੁਰੇਸ਼ ਵਾਸੀ ਰਾਜਨਗਰ ਬਸਤੀ ਨੇੜੇ ਅੰਡਰਬ੍ਰਿਜ ਟੋਹਾਣਾ ਹਰਿਆਣਾ ਨੂੰ ਰਾਹੀ ਰਪਟ ਨੰਬਰ 23 ਮਿਤੀ 17-4-2026 ਨਾਲ ਮੁਕੱਦਮਾ ਵਿੱਚ ਦੋਸ਼ੀ ਨਾਮਜਦ ਕਰਕੇ ਦੋਸੀਆਨ ਸਰਵਣ ਸਿੰਘ, ਲਖਵਿੰਦਰ ਸਿੰਘ ਉਰਫ ਨੰਦੂ, ਸੰਦੀਪ ਉਕਤਾਨ ਨੂੰ ਮਿਤੀ 17-4-2026 ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੇ 110 ਪੱਤੇ ਮਾਰਕਾ ETIMOZ-05 MD ਕੁੱਲ 1100 ਨਸੀਲੀਆਂ ਗੋਲੀਆ ਸਮੇਤ ਮੋਟਰਸਾਈਕਲ ਨੰਬਰੀ ਪੀ.ਬੀ-13ਏ.ਜੀ-4955 ਮਾਰਕਾ ਸਪਲੈਂਡਰ ਰੰਗ ਕਾਲਾ ਅਤੇ ਸੱਬਲ ਲੋਹਾ ਬ੍ਰਾਮਦ ਕੀਤੇ ਗਏ ਅਤੇ ਮੁੱਕਦਮਾ ਹਜਾ ਵਿੱਚ ਜੁਰਮ 238 ਬੀ ਐਨ ਐਸ 22/29//61/85 ਐਨ ਡੀ ਪੀ ਐਸ ਐਕਟ ਦਾ ਵਾਧਾ 17-4-2026 ਕੀਤਾ, ਅਤੇ ਦੋਸੀ ਗੁਰਪ੍ਰੀਤ ਸਿੰਘ ਉਰਫ ਟਾਕੂਆ ਉਕਤ ਨੂੰ ਮੁਕਦਮਾ ਹਜਾ ਵਿੱਚ ਨਾਮਜਦ ਕੀਤਾ ਗਿਆ ਤੇ ਦੌਰਾਨੇ ਰੇਡ ਦੋਸੀਆਨ ਅਰਮਾਨ ਉਕਤ ਅਤੇ ਗੁਰਪ੍ਰੀਤ ਸਿੰਘ ਉਕਤ ਮਿਤੀ 17-4-2026 ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੇ 30 ਪੱਤੇ ਮਾਰਕਾ ETIMOZ-05 MD ਕੁੱਲ 300 ਨਸੀਲੀਆਂ ਗੋਲੀਆ ਸਮੇਤ ਮੋਟਰਸਾਈਕਲ ਨੰਬਰੀ ਪੀ.ਬੀ-13ਏ.ਐਕਸ-2130 ਮਾਰਕਾ ਪਲਸਰ ਰੰਗ ਕਾਲਾ/ਚਿੱਟਾ ਬ੍ਰਾਮਦ ਕੀਤੇ ਗਏ। ਦੋਸੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਦੋਸੀਆਨ ਪਾਸੋ ਡੂੰਘਾਈ ਨਾਲ ਪੁਛਗਿੱਛ ਕੀਤੀ ਜਾ ਰਹੀ ਹੈ।ਦੋਸੀਆਂ ਪਾਸੋਂ ਇਕ ਲੋਹੇ ਦੀ ਸੱਬਲ, ਦੋ ਮੋਟਰਸਾਇਕਲ, 14 00 ਗੋਲੀ ਬਰਾਬਰ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਦਿੱਲੀ ਕਮੇਟੀ ਧਰਮ ਪ੍ਰਚਾਰ ਮੁੱਖੀ ਵਲੋਂ ਅੰਮ੍ਰਿਤ ਸੰਚਾਰ ਨੂੰ ਫ੍ਰੀ ਕਹਿਣਾ ਮੰਦਭਾਗਾ ਅਤੇ ਗਹਿਰੀ ਚੋਟ ਪਹੁੰਚਾਣ ਵਾਲਾ: ਪਰਮਜੀਤ ਸਿੰਘ ਵੀਰਜੀ

## ਧਰਮ ਪ੍ਰਚਾਰ ਮੁੱਖੀ ਨੂੰ ਇਹ ਹੀ ਨਹੀਂ ਪਤਾ ਕਿ ਅੰਮ੍ਰਿਤ ਦੀ ਦਾਤ ਫ੍ਰੀ ਨਹੀਂ "ਸਿਰ ਦੇ ਕੇ ਮਿਲਦੀ ਹੈ"

ਨਵੀਂ ਦਿੱਲੀ 20 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਮੌਜੂਦਾ ਧਰਮ ਪ੍ਰਚਾਰ ਵਿੰਗ ਦੇ ਮੁੱਖੀ ਭਾਈ ਜਸਪ੍ਰੀਤ ਸਿੰਘ ਕਰਮਸਰ ਵਲੋਂ ਅੰਮ੍ਰਿਤ ਸੰਚਾਰ ਉਪਰ ਦਿੱਤਾ ਗਿਆ ਇਕ ਬਿਆਨ ਕਿ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਫ੍ਰੀ ਵਿਚ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ ਬਹੁਤ ਹੀ ਮੰਦਭਾਗਾ ਅਤੇ ਸਿੱਖ ਪੰਥ ਦੀ ਆਸਥਾ ਉਪਰ ਗਹਿਰੀ ਚੋਟ ਪਹੁੰਚਾਣ ਵਾਲਾ ਹੈ 'ਤੇ ਜੱਥੇਦਾਰ ਅਕਾਲ ਤਖਤ ਸਾਹਿਬ ਵਲੋਂ ਇੰਨ੍ਹਾ ਨੂੰ ਤੁਰੰਤ ਤਖਤ ਸਾਹਿਬ ਤੇ ਸੱਦ ਕੇ ਜੁਆਬਦੇਹ ਬਨਾਣਾ ਚਾਹੀਦਾ ਹੈ। ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਗੁਰੂਬਾਣੀ ਰਿਸਰਚ ਫਾਊਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਕਿਹਾ ਅਸੀਂ ਜਸਪ੍ਰੀਤ ਸਿੰਘ ਕਰਮਸਰ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਸੰਚਾਰ ਇੱਕ ਬਹੁਤ ਹੀ ਪਵਿੱਤਰ ਅਤੇ ਗੰਭੀਰ ਧਾਰਮਿਕ ਰਸਮ ਹੈ। ਇਸ ਨੂੰ 'ਫ੍ਰੀ' ਕਹਿਣਾ ਜਾਂ ਇਸ ਦੀ ਮਰਯਾਦਾ ਦਾ ਅਪਮਾਨ ਕਰਨਾ ਇੱਕ ਧਾਰਮਿਕ ਗੁਨਾਹ ਮੰਨਿਆ ਜਾ ਸਕਦਾ ਹੈ। ਉਨ੍ਹਾਂ ਕਿਹਾ



ਆਵਾਜ਼ਿ ਕੌਮ AWAZE QAUM International Newspaper & WEB TV

ਅੰਮ੍ਰਿਤ ਸੰਚਾਰ ਨੂੰ 'ਫ੍ਰੀ' ਕਹਿਣਾ ਗਲਤ ਹੈ ਕਿਉਂਕਿ ਇਹ 'ਭੇਟਾ ਰਹਿਤ' (ਬਿਨਾਂ ਕਿਸੇ ਪੈਸੇ ਦੇ) ਜ਼ਰੂਰ ਹੁੰਦਾ ਹੈ, ਪਰ ਇਸ ਦੀ ਕੀਮਤ ਗੁਰੂ ਨੂੰ 'ਸੀਸ ਭੇਟ' ਕਰਨਾ ਅਤੇ ਮਰਯਾਦਾ ਵਿੱਚ ਰਹਿਣ ਦਾ ਪ੍ਰਣ ਲੈਣ ਦਾ ਹੁੰਦਾ ਹੈ। ਉਨ੍ਹਾਂ ਕਿਹਾ ਲਗਦਾ ਹੈ ਕਿ ਤੁਸੀਂ ਅੰਮ੍ਰਿਤ ਸੰਚਾਰ ਦੀ ਮੁਹਿੰਮ ਵਿਚ ਕਦੇ ਹਿੱਸਾ ਹੀ ਨਹੀਂ ਲਿਆ ਜਿਸ ਕਰਕੇ ਤੁਸੀਂ ਸਤਿਗੁਰ ਅੱਗੇ ਆਪਣਾ ਸੀਸ ਭੇਂਟ ਹੀ ਨਹੀਂ ਕਰ ਸਕੇ ਹੋ ਜ਼ੇਕਰ ਤੁਸੀਂ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਆਪਣਾ ਸੀਸ ਭੇਂਟ ਕੀਤਾ ਹੁੰਦਾ ਤਾਂ ਤੁਸੀਂ ਅਜਿਹੇ ਗੁਰਮਰਿਆਦਾ ਵਿਰੁੱਧ ਸ਼ਬਦਾਂ ਦਾ ਇਸਤੇਮਾਲ ਨਹੀਂ ਕਰ ਸਕਦੇ ਸੀ। ਅੰਤ ਵਿਚ ਉਨ੍ਹਾਂ ਕਿਹਾ ਕਿ ਤੁਹਾਡੇ ਕੋਲੋਂ ਹੋ ਰਹੀਆਂ ਗਲਤੀਆਂ ਨੂੰ ਦੇਖਦਿਆਂ ਤੁਸੀਂ ਇਸ ਪੋਸਟ ਉਪਰ ਬਣੇ ਰਹਿਣ ਦੇ ਲਾਇਕ ਨਹੀਂ ਹੋ ਜਿਸ ਕਰਕੇ ਤੁਹਾਨੂੰ ਆਪਣੇ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

### ਸਰੀ ਦੀ ਵਿਸਾਖੀ ਪਰੇਡ ਖਾਲਿਸਤਾਨ ਲਹਿਰ ਦੇ

# 40 ਸਾਲ ਪੂਰੇ ਹੋਣ 'ਤੇ ਹਰਦੀਪ ਸਿੰਘ ਨਿੱਝਰ ਨੂੰ ਕੀਤੀ ਗਈ ਸਮਰਪਿਤ












**ਨਵੀਂ ਦਿੱਲੀ**, 20 **ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਸਰੀ ਵਿਸਾਖੀ ਪਰੇਡ ਵਿੱਚ ਸਿੱਖ ਵਾਢੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਲਈ ਅੰਦਾਜ਼ਨ 450,000 ਲੋਕ ਸ਼ਾਮਲ ਹੋਏ। ਇਸ ਸਮਾਗਮ ਵਿੱਚ ਖਾਲਿਸਤਾਨ ਦੇ ਨੀਲੇ ਅਤੇ ਪੀਲੇ ਝੰਡੇ ਨੂੰ ਪ੍ਰਮੁੱਖਤਾ ਨਾਲ ਲਹਿਰ ਦੀ 40ਵੀਂ ਵਰ੍ਹੇਗੰਢ ਅਤੇ ਕਤਲ ਕੀਤੇ ਗਏ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਸਨਮਾਨ ਵਿੱਚ ਪੇਸ਼ ਕੀਤਾ ਗਿਆ ਸੀ। ਸਾਲਾਨਾ ਵਿਸਾਖੀ ਪਰੇਡ ਲਈ ਸ਼ਨੀਵਾਰ ਸਵੇਰੇ ਗੁਰਦੁਆਰੇ ਦੇ ਬਾਹਰ ਸੜਕਾਂ 'ਤੇ ਲੱਖਾਂ ਲੋਕ ਇਕੱਠੇ ਹੋਏ ਸਨ । ਪਰੇਡ ਸਵੇਰੇ 9 ਵਜੇ ਸ਼ੁਰੂ ਹੋਈ, 124 ਸਟਰੀਟ ਦੇ ਨਾਲ ਘੁੰਮਦੇ ਹੋਏ, 75, 76 ਵੀਂ ਐਵੇਨਿਊ ਅਤੇ 128 ਸਟਰੀਟ 'ਤੋਂ ਮੁੜਦੇ ਹੋਏ ਗੁਰਦੁਆਰਾ ਸਾਹਿਬ ਵਾਪਸ ਆਈ ਸੀ । ਇਸ ਸਾਲ, ਪ੍ਰਬੰਧਕਾਂ ਨੇ ਸਰੀ ਸ਼ਹਿਰ ਅਤੇ ਸੂਬੇ ਦੇ ਨਾਲ ਮਿਲ ਕੇ ਕੰਮ ਕਰਦੇ ਹੋਏ, ਵਧੇਰੇ ਸੜਕੀ ਰੁਕਾਵਟਾਂ ਅਤੇ ਘੇਰੇ ਵਾਲੇ ਗੇਟਾਂ ਨਾਲ ਸੁਰੱਖਿਆ ਵਧਾ ਦਿੱਤੀ ਸੀ ਅਤੇ ਪਰੇਡ ਵਿੱਚ ਸਾਦੇ ਕੱਪੜਿਆਂ ਵਾਲੇ ਪੁਲਿਸ ਅਧਿਕਾਰੀ ਵੀ ਗਸ਼ਤ 'ਤੇ ਹਾਜ਼ਿਰੀ ਭਰ ਰਹੇ ਸਨ। ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਭਾਈ ਗੁਰਮੀਤ ਸਿੰਘ ਤੂਰ ਨੇ ਦਸਿਆ ਕਿ ਸਰੀ ਵਿੱਚ 450,000 ਤੋਂ ਵੱਧ ਲੋਕ ਸ਼ਹਿਰ ਦੀ ਸਾਲਾਨਾ ਵਿਸਾਖੀ ਪਰੇਡ ਲਈ ਇਕੱਠੇ ਹੋਏ, ਜੋ ਕਿ ਭਾਰਤ ਤੋਂ ਬਾਹਰ ਆਪਣੀ ਕਿਸਮ ਦੀ ਸਭ ਤੋਂ ਵੱਡੀ ਪਰੇਡ ਹੈ, ਕਿਉਂਕਿ ਇਸ ਵਾਰ ਸੁਰੱਖਿਆ ਅਤੇ ਸੁਰੱਖਿਆ ਚਿੰਤਾਵਾਂ ਦੇ ਵਿਚਕਾਰ ਇਹ ਜਸ਼ਨ ਮਨਾਏ ਜਾ ਰਹੇ ਸਨ। ਇਥੇ ਦਸਣਯੋਗ ਹੈ ਕਿ ਕੈਨੇਡੀਅਨ ਪੁਲਿਸ ਨੇ ਮੁੜ ਕਈ ਸਿੱਖਾਂ ਨੂੰ "ਡਿਊਟੀ ਤੋਂ ਵਾਰਨ" ਦੀ ਚੇਤਾਵਨੀ ਦਿੱਤੀ ਹੈ, ਦੇ ਬਾਵਜੂਦ ਓਹ ਵੀ ਪਰੇਡ ਵਿਚ ਸ਼ਾਮਿਲ ਹੋਏ ਸਨ। ਵਿਸਾਖੀ 1699 ਵਿੱਚ ਖਾਲਸਾ ਪੰਥ ਦੀ ਸਿਰਜਣਾ ਦਾ ਜਸ਼ਨ ਮਨਾਉਂਦੀ ਹੈ, ਜੋ ਕਿ ਸਿੱਖ ਇਤਿਹਾਸ ਵਿੱਚ ਇੱਕ ਪਰਿਭਾਸ਼ਿਤ ਪਲ ਸੀ ਜਿਸਨੇ ਸਿੱਖ ਧਰਮ ਨੂੰ ਇਸਦਾ ਅੰਤਿਮ ਰੂਪ ਦਿੱਤਾ । ਇਹ ਪਹਿਲੀ ਫ਼ਸਲ ਅਤੇ ਨਵੇਂ ਸਾਲ ਦੇ ਆਉਣ ਦਾ ਵੀ ਪ੍ਰਤੀਕ ਹੈ। ਉਨ੍ਹਾਂ ਦਸਿਆ ਪਰੇਡ ਵਿੱਚ 20 ਤੋਂ ਵੱਧ ਸਜਾਏ ਗਏ ਫਲੋਟ ਸਨ, ਜਿਨ੍ਹਾਂ ਵਿੱਚੋਂ ਇੱਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰਾਜਮਾਨ ਸਨ, ਅਤੇ ਇਸ ਵਿੱਚ ਪ੍ਰਦਰਸ਼ਨ, ਸੰਗੀਤ ਅਤੇ ਗੱਤਕਾ ਮਾਰਸ਼ਲ ਆਰਟਸ ਦੇ ਪ੍ਰਦਰਸ਼ਨ ਵੀ ਸ਼ਾਮਲ ਸਨ। ਵੱਖ-ਵੱਖ ਫਲੋਟਾਂ ਰਾਹੀਂ ਸਿੱਖ ਇਤਿਹਾਸ, ਖਾਲਸਾ ਪੰਥ ਦੀ ਮਹਾਨਤਾ ਅਤੇ ਖਾਲਿਸਤਾਨ ਲਹਿਰ ਦੇ ਸੰਦੇਸ਼ ਨੂੰ ਵਡੀ ਗਿਣਤੀ ਵਿਚ ਸ਼ਾਮਿਲ ਸੰਗਤਾਂ ਤੱਕ ਪਹੁੰਚਾਇਆ ਗਿਆ। ਉਨ੍ਹਾਂ ਦਸਿਆ ਪਰੇਡ ਵਿੱਚ ਖਾਲਿਸਤਾਨ ਦੇ ਐਲਾਨ ਦੇ 40 ਸਾਲ ਪੂਰੇ ਹੋਣ ਦੀ ਵੀ ਯਾਦ ਦਿਵਾਈ ਗਈ, ਇੱਕ ਅਜਿਹਾ ਥੀਮ ਜੋ ਦਿਨ ਭਰ ਲੋਕਾਂ ਦੇ ਅੰਦੋਲਨ ਦੇ ਪੀਲੇ ਖਾਲਿਸਤਾਨੀ ਝੰਡੇ ਲਹਿਰਾਉਂਦੇ ਹੋਏ ਦਿਖਾਈ ਦਿੰਦਾ ਸੀ ਅਤੇ ਇਸ ਮੌਕੇ ਵਿਸ਼ੇਸ਼ ਖਾਲਿਸਤਾਨੀ ਸਟੇਜ ਲਗਾਈ ਗਈ ਸੀ ਜਿਸ ਵਿਚ ਸ਼ਹੀਦ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ ਸੀ । ਜਿਕਰਯੋਗ ਹੈ ਕਿ ਇਸ ਪਰੇਡ ਵਿਚ ਮਾਹੌਲ ਜਸ਼ਨ ਵਾਲਾ ਰਿਹਾ, ਪ੍ਰਬੰਧਕਾਂ ਅਤੇ ਪੁਲਿਸ ਨੇ ਕਿਹਾ ਕਿ ਇਸ ਸਾਲ ਸਰੀ ਅਤੇ ਲੋਅਰ ਮੇਨਲੈਂਡ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਦੇ ਮਾਮਲਿਆਂ ਦੀ ਇੱਕ ਲੜੀ ਦੇ ਵਿਚਕਾਰ ਸੁਰੱਖਿਆ ਇੱਕ ਮੁੱਖ ਧਿਆਨ ਸੀ। ਐਸਪੀਐਸ ਸਟਾਫ ਸਾਰਜੈਂਟ ਲਿੰਡਸੇ ਹਾਉਟਨ ਨੇ ਕਿਹਾ ਕਿ ਇਸ ਪੱਧਰ ਦੇ ਸਮਾਗਮ ਦੀ ਯੋਜਨਾ ਲਗਭਗ ਇੱਕ ਸਾਲ ਪਹਿਲਾਂ ਸ਼ੁਰੂ ਹੋ ਜਾਂਦੀ ਹੈ, ਜਿਸਦੀ ਤਿਆਰੀ ਲਈ ਪੁਲਿਸ ਪ੍ਰਬੰਧਕਾਂ ਅਤੇ ਭਾਈਚਾਰਕ ਸਮੂਹਾਂ ਨਾਲ ਮਿਲ ਕੇ ਕੰਮ ਕਰਦੀ ਹੈ।

# ਸੁਪਰੀਮ ਕੋਰਟ ਵੱਲੋਂ ਨਿਰਦੇਸ਼ਿਤ ਦਹੇਜ ਵਿਰੋਧੀ ਕਮੇਟੀ ਦੁਆਰਾ ਸਫਲ ਆਯੋਜਨ

**ਚੌਕ ਮਹਿਤਾ**, 20 **ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੁਪਰੀਮ ਕੋਰਟ ਵੱਲੋਂ ਨਿਰਦੇਸ਼ਿਤ ਗਠਿਤ ਦਹੇਜ ਵਿਰੋਧੀ ਕਮੇਟੀ ਦੀ ਮੈਂਬਰ ਅਤੇ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਵੱਲੋਂ ਦਹੇਜ ਪ੍ਰਥਾ ਦੀਆਂ ਬੁਰਾਈਆਂ, ਇਸਦੇ ਕਾਨੂੰਨੀ ਨਤੀਜੇ ਅਤੇ ਵਿਆਹ ਵਿੱਚ ਲਿੰਗ ਸਮਾਨਤਾ ਵਿਸ਼ੇ ਉੱਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਨਿਰਦੇਸ਼ਨ ਕਮੇਟੀ ਦੇ ਪ੍ਰਧਾਨ ਸੀ.ਜੇ.ਐਮ. ਸ੍ਰੀ ਅਮਰਦੀਪ ਸਿੰਘ ਬੈਂਸ ਵੱਲੋਂ ਕੀਤਾ ਗਿਆ। ਡਾ. ਸਵਰਾਜ ਗਰੋਵਰ 1968 ਤੋਂ ਦਹੇਜ ਵਿਰੋਧੀ ਗਤੀਵਿਧੀਆਂ ਨਾਲ ਜੁੜੀਆਂ ਹੋਈਆਂ ਹਨ ਅਤੇ ਆਪਣੇ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤ ਮੰਡਲੀ ਵਿੱਚ ਕਈ ਬਿਨਾਂ ਦਹੇਜ ਵਿਆਹ ਕਰਵਾ ਚੁੱਕੀਆਂ ਹਨ। ਡਾ. ਸਵਰਾਜ ਗਰੋਵਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਦਹੇਜ ਦਾ ਉਨਮੂਲਨ ਕਾਨੂੰਨੀ, ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਹੈ। ਦਹੇਜ ਪ੍ਰਥਾ ਮਹਿਲਾਵਾਂ ਦੀ ਇੱਜ਼ਤ ਅਤੇ ਅਧਿਕਾਰਾਂ ਨੂੰ ਠੇਸ ਪਹੁੰਚਾਉਂਦੀ ਹੈ। ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਲੈਣ-ਦੇਣ ਦਾ ਰੂਪ ਦੇਣ ਕਾਰਨ ਉਤਪੀੜਨ, ਘਰੇਲੂ ਹਿੰਸਾ ਅਤੇ ਦੁੱਖਦਾਈ ਘਟਨਾਵਾਂ ਵਾਪਰਦੀਆਂ ਹਨ। ਇਸ ਕੁਰਿਵਾਜ਼ ਨੂੰ ਰੋਕਣ ਲਈ ਭਾਰਤ ਵਿੱਚ ਦਹੇਜ ਨਿਸ਼ੇਧ ਅਧਿਨਿਯਮ, 1961 ਲਾਗੂ ਕੀਤਾ ਗਿਆ ਹੈ, ਜਿਸ ਦੇ ਤਹਿਤ ਦਹੇਜ ਲੈਣਾ ਅਤੇ ਦੇਣਾ ਦੋਵੇਂ ਦੰਡਣਯੋਗ ਅਪਰਾਧ ਹਨ। ਇਸ ਤੋਂ ਇਲਾਵਾ ਵਿਆਹ ਵਿੱਚ ਲਿੰਗ ਸਮਾਨਤਾ ਬਹੁਤ ਜ਼ਰੂਰੀ ਹੈ। ਸਫਲ ਵਿਆਹ ਲਈ ਪਤੀ-ਪਤਨੀ ਦੋਵਾਂ ਨੂੰ ਬਰਾਬਰੀ ਦਾ ਦਰਜਾ ਮਿਲਣਾ ਲਾਜ਼ਮੀ ਹੈ। ਇਸ ਮੌਕੇ ਸਮਾਜ ਸੇਵੀ ਮਹਿਲਾਵਾਂ ਡੋਲੀ ਭਾਟੀਆ, ਬੈਂਕ ਅਧਿਕਾਰੀ ਸਰੋਜ ਚਾਵਲਾ, ਮੰਜੀਤ ਠਿਡ, ਜਨਕ ਜੋਸ਼ੀ, ਸੋਨੀਆ ਮਲਹੀ, ਮਨਸਾ ਤਿਵਾਰੀ, ਗੁਰਲੀਨ ਮਹਾਜਨ, ਪ੍ਰਵੀਨ ਕੁਮਾਰੀ, ਏਕਤਾ ਵੋਹਰਾ, ਅਲਕਾ ਸ਼ਰਮਾ, ਜੋਤੀ ਬਾਲਾ, ਨੀਰੂ ਖੰਨਾ, ਮਮਤਾ ਕਪੂਰ ਅਤੇ ਹੋਰ ਪ੍ਰਸਿੱਧ ਮਹਿਲਾਵਾਂ ਹਾਜ਼ਰ ਸਨ, ਜਿਨ੍ਹਾਂ ਨੇ ਦਹੇਜ ਦਾ ਵਿਰੋਧ ਕਰਨ ਦਾ ਸੰਕਲਪ ਲਿਆ।




# ਸਿੱਖਿਆ ਕ੍ਰਾਂਤੀ ਨੇ ਬਦਲੀ ਸਰਕਾਰੀ ਸਕੂਲਾਂ ਦੀ ਨੁਹਾਰ-ਚੇਅਰਮੈਨ ਢਿੱਲੋਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਦੇ ਹੇਠ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਲਈ ਸਿੱਖਿਆ ਕ੍ਰਾਂਤੀ ਅਧੀਨ ਸਕੂਲਾਂ ਦੀ ਬਦਲੀ ਜਾ ਰਹੀ ਹੈ ਨੁਹਾਰ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਦਫ਼ਤਰ ਇੰਚਾਰਜ ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਸਰਕਾਰੀ ਸਕੂਲ ਬਾਲੀਆਂ ਦੇ ਕਮਰਿਆਂ ਦਾ ਉਦਘਾਟਨ ਕਰਨ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਕੂਲਾਂ ਨੂੰ ਸਿੱਖਿਆ ਕ੍ਰਾਂਤੀ ਬਿਹਤਰ ਢਾਂਚਾ ਦੇ ਕੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਪੂਰੇ ਦੇਸ਼ ਭਰ ਵਿੱਚੋਂ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਨਮੂਨੇ ਦੇ ਸਕੂਲ ਬਣਾਇਆ ਜਾ ਰਿਹਾ ਤਾਂ ਜੋ ਹਰ ਵਰਗ ਦੇ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿਚ ਆਧੁਨਿਕ ਕਲਾਸ ਰੂਮਾਂ, ਮਜ਼ਬੂਤ ਬੁਨਿਆਦੀ ਢਾਂਚਾ ਅਤੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈ ਗਈਆਂ ਹਨ ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਲਾਹੇਵੰਦ ਸਿੱਧ ਸਾਬਤ ਹੋ ਰਹੀਆਂ ਹਨ। ਇਸ ਮੌਕੇ ਸਿੱਖਿਆ ਕੋਆਰਡੀਨੇਟਰ, ਦਰਸ਼ਨ ਸਿੰਘ ਪਾਠਕ, ਆਪ ਆਗੂ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਭਿੰਦੀ ਧੂਰੀ, ਵਿਪਨ ਕੁਮਾਰ, ਸਰਪੰਚ ਕੁਲਦੀਪ ਸਿੰਘ ਬਾਲੀਆਂ, ਸੁਖਵੰਤ ਸਿੰਘ, ਪ੍ਰਿੰਸੀਪਲ ਰਜੀਵ ਕੁਮਾਰ ,ਜਗਤਾਰ ਸਿੰਘ, ਪ੍ਰਦੀਪ ਸਿੰਘ , ਅਲਪਨਾ ਸਿੰਗਲਾ, ਅਮਰਿੰਦਰ ਸਿੰਘ ,ਸੁਖਪਾਲ ਸਿੰਘ, ਹਰਦੀਪ ਸਿੰਘ ਹੰਜੂ ਬਾਲਾ,ਸੰਦੀਪ ਕੌਰ, ਕਿਰਨਜੀਤ ਕੌਰ, ਹਰਵਿੰਦਰ ਸਿੰਘ, ਮੁਕੇਸ਼ ਹਾਜ਼ਰ ਸਨ। ਸਟੇਜ ਦੀ ਕਾਰਵਾਈ ਗੁਲਾਬ ਸਿੰਘ ਨੇ ਬੜੀ ਹੀ ਬਾਖ਼ੂਬੀ ਨਾਲ ਨਿਭਾਈ ।

## ਬੀਬੀ ਕੋਲਾ ਜ਼ੀ ਪਬਲਿਕ ਸਕੂਲ ਦਾ ਨਾਮ ਰੂਹੀ ਨੇ ਕੀਤਾ ਰੌਸ਼ਨ

ਚੌਕ ਮਹਿਤਾ, 20 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)ਬੀਬੀ ਕੋਲਾ ਜ਼ੀ ਪਬਲਿਕ ਸਕੂਲ ਤਰਨਤਾਰਨ ਰੋਡ ਬਰਾਂਚ ਵਨ ਕਲਾਸ ਪੰਜਵੀਂ ਬੋਰਡ ਦੀ ਰੂਹੀ ਨੇ 94% ਲੈਕੇ ਫਸਟ ਡਵੀਜ਼ਨ ਵਿੱਚ ਲੈਕੇ ਆਪਣੇ ਸਕੂਲ ਦਾਂ ਨਾਂਮ ਰੋਸ਼ਨ ਕੀਤਾ ਕਲਾਸ ਇੰਚਾਰਜ ਮੈਡਮ ਸਿਮਰਨਪ੍ਰੀਤ ਕੌਰ ਨੇ ਸੈਟੀਫਿਕੇਟ ਦੇ ਕੇ ਰੂਹੀ ਨੂੰ ਸਨਮਾਨਿਤ ਕੀਤਾ ਅਤੇ ਸਮੂਹ ਕਲਾਸ ਦੀਆਂ ਕੁੜੀਆਂ ਨੂੰ ਆਉਂਣ ਵਾਲਿਆਂ ਕਲਾਸਾਂ ਵਿੱਚ ਹੋਰ ਮੇਹਨਤ ਕਰਕੇ ਰੂਹੀ ਵਾਂਗ ਆਪਣੇ ਸਕੂਲ ਅਤੇ ਕਲਾਸ ਇੰਚਾਰਜ ਟੀਚਰ ਨੂੰ ਗੁਰਦਕਸਣਾ ਦੇ ਰੂਪ ਵਿੱਚ ਇੱਜ਼ਤ ਦਿਉਂ।



## ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ ਦੇ ਵੱਡੇ ਕਾਫਲੇ ਨੇ ਪ੍ਰੈੱਸ ਕਲੱਬ ਅੰਮ੍ਰਿਤਸਰ ਦੀਆਂ ਚੋਣਾਂ ਵਿੱਚ ਕੀਤੀ ਸ਼ਾਮੂਲੀਅਤ, ਜੇਤੂ ਉਮੀਦਵਾਰਾਂ ਨੂੰ ਦਿੱਤੀ ਵਧਾਈ



**ਬਾਬਾ ਬਕਾਲਾ ਸਾਹਿਬ**, 20 **ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਾਲ ਈ ਵਿੱਚ ਦੀ ਅੰਮ੍ਰਿਤਸਰ ਪ੍ਰੈਸ ਕਲੱਬ ਦੀਆਂ ਹੋਈਆਂ ਚੋਣਾਂ ਵਿੱਚ ਸ੍ਰੀ ਰਾਜੇਸ਼ ਗਿੱਲ ਦੇ ਧੜੇ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ ਹੈ । ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਤੋਂ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ ਵੱਲੋਂ ਸਬ ਡਵੀਜਨ ਦੇ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਸੂਬਾ ਪ੍ਰਧਾਨ ਹਰਜੀਤਪ੍ਰੀਤ ਸਿੰਘ ਕੰਗ ਦੀ ਅਗਵਾਈ ਹੇਠ 30 ਦੇ ਲੱਗਭਗ ਪੱਤਰਕਾਰਾਂ ਨੇ ਉਕਤ ਚੋਣਾਂ ਵਿੱਚ ਸ਼ਾਮੂਲੀਅਤ ਕੀਤੀ ਅਤੇ ਸ੍ਰੀ ਰਾਜੇਸ਼ ਗਿੱਲ ਧੜੇ ਦੇ ਹੱਕ ਵਿੱਚ ਵੋਟ ਪਾਈ । ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ ਵੱਲੋਂ ਨਵੇਂ ਚੁਣੇ ਗਏ ਸਰਪ੍ਰਸਤ ਸ: ਜਸਵੰਤ ਸਿੰਘ ਜੱਸ, ਪ੍ਰਧਾਨ ਸ੍ਰੀ ਰਜੇਸ਼ ਗਿੱਲ, ਜਨਰਲ ਸਕੱਤਰ ਸ: ਰੇਸ਼ਮ ਸਿੰਘ, ਸਕੱਤਰ ਰਾਜਿੰਦਰ ਸਿੰਘ ਰੂਬੀ, ਸੀਨੀਅਰ ਮੀਤ ਪ੍ਰਧਾਨ ਸ੍ਰੀ ਵਿਪਨ ਰਾਣਾ, ਮੀਤ ਪ੍ਰਧਾਨ ਵਿਕਰਮਜੀਤ ਸ਼ਰਮਾ, ਕੈਸ਼ੀਅਰ ਰਮਨ ਸ਼ਰਮਾ, ਜੁਆਇੰਟ ਸੈਕਟਰੀ ਹਰਮੀਤ ਸਿੰਘ ਸਮੇਤ ਸਭ ਅਹੁਦੇਦਾਰਾਂ ਨੂੰ ਹਾਰਦਿਕ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਪ੍ਰੈੱਸ ਕਲੱਬ ਦੀ ਹੋਰ ਵੀ ਤਰੱਕੀ ਅਤੇ ਖੁਸ਼ਹਾਲੀ ਲਈ ਨਵੀਨ ਟੀਮ ਵੱਧ ਚੜ੍ਹਕੇ ਯਤਨਸ਼ੀਲ ਰਹੇਗੀ । ਇਸ ਮੌਕੇ ਸਬ ਡਵੀਜਨ ਦੇ ਪ੍ਰਧਾਨ ਸ: ਸ਼ੇਲੰਦਿਰਜੀਤ ਸਿੰਘ ਰਾਜਨ, ਸੂਬਾ ਪ੍ਰਧਾਨ ਹਰਜੀਤਪ੍ਰੀਤ ਸਿੰਘ ਕੰਗ, ਕੈਪਟਨ ਸਿੰਘ ਮਹਿਤਾ, ਅਤਰ ਸਿੰਘ ਤਰਸਿੱਕਾ, ਧਰਮਿੰਦਰ ਸਿੰਘ ਭੰਮਰਾ, ਜਗੀਰ ਸਿੰਘ ਸਫਰੀ, ਸੁਖਵਿੰਦਰ ਸਿੰਘ ਚਾਹਲ, ਲੱਖਾ ਸਿੰਘ ਅਜ਼ਾਦ, ਪਰਮਜੀਤ ਸਿੰਘ ਰੱਖੜਾ, ਗੌਰਵ ਜੋਸ਼ੀ, ਬਲਵਿੰਦਰ ਸਿੰਘ ਅਠੌਲਾ, ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਵਿਸ਼ਵਜੀਤ ਸਿੰਘ, ਲੱਖਾ ਸਿੰਘ ਅਜ਼ਾਦ, ਸੁਸ਼ੀਲ ਅਰੋੜਾ, ਰਣਜੀਤ ਸਿੰਘ ਸੰਧੂ, ਸੰਦੀਪ ਸਹਿਗਲ, ਸੁਰਜੀਤ ਸਿੰਘ ਬੁਤਾਲਾ, ਜਸਪਾਲ ਸਿੰਘ ਗੱਗੜਭਾਣਾ, ਸਤਨਾਮ ਸਿੰਘ ਨੌਰੰਗਪੁਰੀ, ਨਿਰਮਲ ਸਿੰਘ ਸੰਘਾ, ਰਾਜਦੀਪ ਸਿੰਘ ਮਹਿਤਾ, ਬਾਬਾ ਸੁਖਵੰਤ ਸਿੰਘ ਚੰਨਣਕੇ, ਕਮਲਪ੍ਰੀਤ ਸਿੰਘ ਹੈਪੀ, ਸਕੱਤਰ ਸਿੰਘ ਪੁਰੇਵਾਲ, ਅਮਰਵੀਰ ਸਿੰਘ ਅਜ਼ਾਦ, ਬਲਜਿੰਦਰ ਸਿੰਘ ਖਿਲਚੀਆਂ, ਕਰਮਜੀਤ ਸਿੰਘ ਖਿਲਚੀਆਂ, ਆਦਿ ਦੇ ਪੱਤਰਕਾਰ ਹਾਜ਼ਰ ਸਨ ।

### ਐਚਐਮਈਐਲ ਮੋਬਾਈਲ ਮੈਡੀਕਲ ਯੂਨਿਟ ਵੱਲੋਂ 59 ਪਿੰਡਾਂ ਵਿੱਚ

# 90 ਸਿਹਤ ਕੈਂਪ, 6,036 ਮਰੀਜ਼ਾਂ ਨੂੰ ਮਿਲੀਆਂ ਸਿਹਤ ਸੇਵਾਵਾਂ





## ਗੁਰੂ ਗੋਬਿੰਦ ਸਿੰਘ ਰਿਫਾਈਨਰੀ ਵੱਲੋਂ ਵਿਸ਼ਵ ਸਿਹਤ ਦਿਵਸ ਮੌਕੇ ਪਿੰਡਾਂ ਵਿੱਚ ਵਿਆਪਕ ਐਨਸੀਡੀ ਜਾਗਰੂਕਤਾ ਮੁਹਿੰਮ

**ਤਲਵੰਡੀ ਸਾਬੋ, 20 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**-ਵਿਸ਼ਵ ਸਿਹਤ ਦਿਵਸ ਦੇ ਮੌਕੇ 'ਤੇ ਐਚਪੀਸੀਐਲ-ਮਿੱਤਲ ਐਨਰਜੀ ਲਿਮਿਟੇਡ ਦੀ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਨੇ ਸਮੁਦਾਇਕ ਸਿਹਤ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਪਿੰਡਾਂ ਵਿੱਚ ਗੈਰ-ਸੰਚਾਰੀ ਬਿਮਾਰੀਆਂ 'ਤੇ ਕੇਂਦ੍ਰਿਤ ਇਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ। ਇਸ ਮੁਹਿੰਮ ਅਧੀਨ ਸ਼ੂਗਰ 'ਤੇ ਖਾਸ ਧਿਆਨ ਦਿੱਤਾ ਗਿਆ ਅਤੇ ਮੋਬਾਈਲ ਮੈਡੀਕਲ ਯੂਨਿਟ ਟੀਮਾਂ ਵੱਲੋਂ ਸੇਖੂ ਅਤੇ ਤਰਖਾਨਵਾਲਾ ਸਮੇਤ ਵੱਖ-ਵੱਖ ਪਿੰਡਾਂ ਵਿੱਚ ਸਿਹਤ ਕੈਂਪ ਲਗਾਏ ਗਏ, ਜਿਸ ਨਾਲ ਦੂਰ-ਦਰਾਜ਼ ਅਤੇ ਵੰਚਿਤ ਵਰਗਾਂ ਤੱਕ ਜ਼ਰੂਰੀ ਸਿਹਤ ਸੇਵਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਈਆਂ ਗਈਆਂ। ਐਚਐਮਈਐਲ ਦੀ ਇਹ ਪਹਿਲ ਰਵਾਇਤੀ ਇਲਾਜ ਮਾਡਲ ਤੋਂ ਅੱਗੇ ਵੱਧਦਿਆਂ ਰੋਕਥਾਮੀ ਸਿਹਤ ਸੇਵਾਵਾਂ ਨੂੰ ਪ੍ਰੋਤਸਾਹਿਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ। ਇਸ ਤਹਿਤ ਲੋਕਾਂ ਨੂੰ ਬਿਮਾਰੀਆਂ ਬਾਰੇ ਜਾਗਰੂਕ ਕਰਕੇ ਸਮੇਂ ਸਿਰ ਉਨ੍ਹਾਂ ਦੀ ਰੋਕਥਾਮ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਕੈਂਪਾਂ ਦੌਰਾਨ ਪਿੰਡ ਵਾਸੀਆਂ ਨੂੰ ਮਧੁਮੇਹ ਵਰਗੀਆਂ ਲੰਬੇ ਸਮੇਂ ਦੀਆਂ ਬਿਮਾਰੀਆਂ ਦੇ ਖਤਰੇ ਦੇ ਕਾਰਕਾਂ, ਸ਼ੁਰੂਆਤੀ ਲੱਛਣਾਂ, ਨਿਯਮਿਤ ਜਾਂਚ ਦੀ ਮਹੱਤਤਾ ਅਤੇ ਸੰਤੁਲਿਤ ਜੀਵਨਸ਼ੈਲੀ ਅਪਣਾਉਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਐਚਐਮਈਐਲ ਦੀ ਮੋਬਾਈਲ ਮੈਡੀਕਲ ਯੂਨਿਟ ਪਹਿਲ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਐਮਸ), ਬਠਿੰਡਾ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ, ਜਿਸ ਦਾ ਮਕਸਦ ਆਸ-ਪਾਸ ਦੇ ਪਿੰਡਾਂ ਵਿੱਚ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਪਹਿਲ ਅਧੀਨ ਘੱਟ ਸਮੇਂ ਵਿੱਚ ਹੀ ਐਮਐਮਯੂ ਟੀਮਾਂ ਨੇ ਉਲੇਖਣਯੋਗ ਪ੍ਰਾਪਤੀ ਹਾਸਲ ਕਰਦੇ ਹੋਏ 59 ਪਿੰਡਾਂ ਵਿੱਚ ਕੁੱਲ 90 ਸਿਹਤ ਕੈਂਪ ਆਯੋਜਿਤ ਕੀਤੇ, ਜਿਨ੍ਹਾਂ ਰਾਹੀਂ 6,036 ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਗਈਆਂ। ਇਹ ਪ੍ਰਾਪਤੀ ਐਚਐਮਈਐਲ ਦੀ ਮਜ਼ਬੂਤ ਜ਼ਮੀਨੀ ਪਹੁੰਚ ਅਤੇ ਪਿੰਡਾਂ ਵਿੱਚ ਸਿਹਤ ਸੇਵਾਵਾਂ ਦੀ ਉਪਲਬਧਤਾ ਯਕੀਨੀ ਬਣਾਉਣ ਵਾਲੀ ਸੁਚਿੰਤਿਤ ਅਤੇ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ।ਇਸ ਮੁਹਿੰਮ ਦੀ ਇੱਕ ਖਾਸ ਵਿਸ਼ੇਸ਼ਤਾ ਔਰਤਾਂ ਦੀ ਵੱਡੀ ਭਾਗੀਦਾਰੀ ਰਹੀ। ਕੁੱਲ ਲਾਭਪਾਤਰੀਆਂ ਵਿੱਚ 57.6 ਫੀਸਦੀ (3,479) ਔਰਤਾਂ ਸ਼ਾਮਲ ਸਨ, ਜਦਕਿ ਪੁਰਸ਼ ਲਾਭਪਾਤਰੀਆਂ ਦੀ ਗਿਣਤੀ 39.6 ਫੀਸਦੀ (2,392) ਰਹੀ। ਇਸ ਤੋਂ ਇਲਾਵਾ 165 ਬੱਚਿਆਂ (2.7 ਫੀਸਦੀ) ਨੂੰ ਵੀ ਇਨ੍ਹਾਂ ਕੈਂਪਾਂ ਰਾਹੀਂ ਮੈਡੀਕਲ ਸਹਾਇਤਾ ਪ੍ਰਦਾਨ ਕੀਤੀ ਗਈ। ਔਰਤਾਂ ਦੀ ਇਹ ਵੱਡੀ ਭਾਗੀਦਾਰੀ ਪਿੰਡਾਂ ਵਿੱਚ ਸਿਹਤ ਸੇਵਾਵਾਂ ਪ੍ਰਤੀ ਵਧਦੇ ਭਰੋਸੇ, ਪਹੁੰਚ ਅਤੇ ਜਾਗਰੂਕਤਾ ਨੂੰ ਦਰਸਾਉਂਦੀ ਹੈ। ਐਮਐਮਯੂ ਪਹਿਲ ਅਧੀਨ ਨਾ ਸਿਰਫ ਪ੍ਰਾਥਮਿਕ ਇਲਾਜ ਸੇਵਾਵਾਂ ਦਿੱਤੀਆਂ ਗਈਆਂ, ਸਗੋਂ ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਜ਼ਰੂਰੀ ਜਾਂਚਾਂ, ਖਤਰੇ ਵਾਲੇ ਮਰੀਜ਼ਾਂ ਦੀ ਪਛਾਣ, ਕਾਊਂਸਲਿੰਗ ਸੇਵਾਵਾਂ ਅਤੇ ਲੋੜ ਪੈਣ 'ਤੇ ਰੈਫਰਲ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਗਈਆਂ। ਨਾਲ ਹੀ, ਸਮੁਦਾਇ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਲੰਬੇ ਸਮੇਂ ਦੀਆਂ ਬਿਮਾਰੀਆਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ। ਐਨਸੀਡੀ, ਖਾਸ ਕਰਕੇ ਮਧੁਮੇਹ 'ਤੇ ਕੇਂਦ੍ਰਿਤ ਇਹ ਮੁਹਿੰਮ ਐਚਐਮਈਐਲ ਦੇ ਸਮੁੱਚੇ ਸਿਹਤ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ, ਜਿਸ ਵਿੱਚ ਇਲਾਜ ਦੇ ਨਾਲ-ਨਾਲ ਰੋਕਥਾਮ ਨੂੰ ਵੀ ਬਰਾਬਰ ਮਹੱਤਤਾ ਦਿੱਤੀ ਜਾਂਦੀ ਹੈ। ਕੰਪਨੀ ਦਾ ਐਮਐਮਯੂ ਪ੍ਰੋਗਰਾਮ ਲਗਾਤਾਰ ਪਿੰਡਾਂ ਵਿੱਚ ਸਿਹਤ ਸੇਵਾਵਾਂ ਦੀ ਘਾਟ ਨੂੰ ਦੂਰ ਕਰਦੇ ਹੋਏ ਸਮੇਂ ਸਿਰ ਮੈਡੀਕਲ ਸਹਾਇਤਾ ਅਤੇ ਜਾਗਰੂਕਤਾ ਯਕੀਨੀ ਬਣਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਲਾਵਾਰਿਸ ਬਾਲੜੀਆਂ ਦੇ ਸਮੂਹਿਕ ਜਨਮ ਦਿਨ ਮਨਾਉਣ ਲਈ ਪਠਲਾਵਾ ਸੰਸਥਾ ਅਤੇ ਭਾਈ ਘਨ੍ਹਈਆ ਜੀ ਚੈਰੀਟੇਬਲ ਟਰੱਸਟ ਜਲੰਧਰ ਵਲੋਂ

# ਸਾਂਝੀ ਮੀਟਿੰਗ ਵਿੱਚ ਪ੍ਰਬੰਧਾਂ ਦਾ ਜਾਇਜ



**ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

ਯੂਨੀਕ ਹੋਮ ਜਲੰਧਰ ਵਿਖੇ ਪਲ ਰਹੀਆਂ ਲਗਭਗ ਇਕ ਸੌ ਦੇ ਕਰੀਬ ਉਹ ਬਾਲੜੀਆਂ ਜਿਨ੍ਹਾਂ ਨੂੰ ਚੁਕਿਆ ਗਿਆ ਕੂੜੇ ਦੇ ਢੇਰਾਂ , ਕੁਤਿਆਂ ਦੇ ਮੂੰਹਾਂ ਅਤੇ ਲਾਵਾਰਿਸ ਸਥਾਨਾਂ ਤੋਂ, ਦਾ ਸਮੂਹਿਕ ਜਨਮ ਦਿਨ ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ ਦੀ ਰਹਿਨੁਮਾਈ ਹੇਠ, ਭਾਈ ਘਨ੍ਹਈਆ ਜੀ ਚੈਰੀਟੇਬਲ ਟਰੱਸਟ ਦੇ ਸਮੂਹ ਟਰੱਸਟੀਆਂ ਅਤੇ ਜ਼ਿਲਾ ਸ਼ਹੀਦ ਭਗਤ ਸਿੰਘ ਦੀ ਸਿਰਮੌਰ ਸੰਸਥਾ,ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ/ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ ਅਤੇ ਸਮੂਹ ਅਹੁਦੇਦਾਰਾਂ ਵਲੋਂ ਰਲ ਕੇ ਮਿਤੀ 24 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਦੁਪਹਿਰ 2 ਵਜੇ ਤੋਂ 7 ਵਜੇ ਤੱਕ ਯੂਨੀਕ ਹੋਮ , ਨਕੋਦਰ ਰੋਡ ਜਲੰਧਰ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਲਈ ਕੀਤੇ ਜਾ ਰਹੇ ਪ੍ਰਬੰਧਾਂ ਵਾਰੇ ਜਾਣ ਕਾਰੀ ਸਾਂਝੀ ਕਰਦਿਆਂ ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਮੈਡਮ ਮਨਜੀਤ ਕੌਰ ਜਲੰਧਰ,ਸੰਸਥਾ ਦੇ ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਅਤੇ ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਨੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਸ ਜੱਗ ਚੀਮਾ ਇੰਗਲੈਂਡ ਹੋਣਗੇ। ਇਸ ਤੋਂ ਇਲਾਵਾ ਪੰਜਾਬ ਦੇ ਵੱਖ ਵੱਖ ਨੇਤਰਹੀਣ ਆਸਰਮਾਂ ਤੋਂ ਨੇਤਰਹੀਣ ਸੱਜਣ ਸੈਂਕੜਿਆਂ ਦੀ ਤਾਦਾਦ ਵਿਚ ਪੁਹੰਚ ਕੇ ਆਪਣੀ ਹਾਜ਼ਰੀ ਲਗਵਾਉਂਣਗੇ ।ਯੂਨੀਕ ਹੋਮ ਜਲੰਧਰ ਦੇ ਵਿਹੜੇ ਵਿਚ ਪਲ ਰਹੀਆਂ ਬਾਲੜੀਆਂ ਵਲੋਂ ਬੇਟੀ ਪੜ੍ਹਾਓ, ਬੇਟੀ ਬਚਾਓ ਦੇ ਮਿਸ਼ਨ ਤਹਿਤ ਤਿਆਰ ਕੀਤੀਆਂ ਹਿਰਦੇਵੇਦਕ ਕੋਰੀਓਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੁਬਾਰਕ ਅਵਸਰ ਤੇ ਬਾਲੜੀਆਂ ਨੂੰ ਅਸ਼ੀਰਵਾਦ ਦੇਣ ਲਈ ਦੇਸ਼ਾਂ ਅਤੇ ਵਿਦੇਸ਼ਾਂ ਤੋਂ ਸਮਾਜ ਸੇਵੀ ਸੰਸਥਾਵਾਂ ਦੇ ਸੇਵਾਦਾਰ ਅਤੇ ਅਹਿਮ ਸ਼ਖਸ਼ੀਅਤਾਂ ਦਾ ਯੂਨੀਕ ਹੋਮ ਜਲੰਧਰ ਪੁਹਚਣਾਂ ਸ਼ੁਰੂ ਹੋ ਗਿਆ ਹੈ। ਪ੍ਰੋਗਰਾਮ ਨੂੰ ਸਫਲਤਾ ਪੂਰਵਕ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਕਿਉਰਟੀ,ਮੈਡੀਕਲ ਸਹੂਲਤਾਂ ,ਪਾਣੀ, ਫਾਇਰ ਬ੍ਰਿਗੇਡ ਵਰਗੇ ਪ੍ਰਬੰਧਾਂ ਦਾ ਪੂਰਣ ਇੰਤਜ਼ਾਮ ਕੀਤਾ ਜਾ ਚੁੱਕਾ ਹੈ। ਅੱਗੇ ਦੱਸਿਆ ਗਿਆ ਕਿ ਇਸ ਸਮਾਗਮ ਵਿੱਚ ਕੁਝ ਅਹਿਮ ਸ਼ਖ਼ਸੀਅਤਾਂ ਦੇ ਨਾਲ ਨਾਲ ਆਮ ਲੋਕਾਂ ਦੀ ਸ਼ਮੂਲੀਅਤ ਨੂੰ ਵੀ ਪਹਿਲ ਦਿਤੀ ਗਈ ਹੈ।ਮੀਟਿੰਗ ਨੂੰ ਧੰਨਵਾਦ ਸਹਿਤ ਸਮਾਪਤ ਕੀਤਾ ਗਿਆ । ਹੋਰਨਾਂ ਤੋਂ ਇਲਾਵਾ ਮੀਟਿੰਗ ਵਿੱਚ ਸੰਸਥਾ ਪਠਲਾਵਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ,ਉਪ ਚੇਅਰਮੈਨ ਸ ਪਰਵਿੰਦਰ ਸਿੰਘ ਰਾਣਾ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ,ਪ੍ਰੋ ਚਰਨਜੀਤ ਸਿੰਘ ਪੋਸੀ, ਟੌਮ ਹੈਰੀਗਨ ਸਕੌਟਲੈਂਡ ,ਜਤਿੰਦਰਪਾਲ ਸਿੰਘ ਸੂਰਾਪੁਰ, ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ,ਡਾ ਕੁਲਦੀਪ ਰਾਜ ਬੰਗਾ, ਸਤੀਸ਼ ਕੁਮਾਰ ਐਮਾਂ ਜਟਾਂ,ਬਲਜੀਤ ਸਿੰਘ ਪਠਲਾਵਾ,ਮੈਡਮ ਤਨੂੰ ਖੱਖ, ਸੇਵਾਮੁਕਤ ਪ੍ਰਿੰਸੀਪਲ ਮੈਡਮ ਸਤਵਿੰਦਰ ਕੌਰ,ਡਾ ਗੁਰਮੀਤ ਕੌਰ , ਸ ਸੁਰਜੀਤ ਸਿੰਘ, ਫੌਜੀ ਵੀਰ ਅਤੇ ਟਰੱਸਟ ਦੇ ਹੋਰ ਟਰੱਸਟੀ ਮੌਜੂਦ ਸਨ



ਆਵਾਜ਼ਿ ਕੌਮ AWAZE QAUM International Newspaper & WEB TV

# ਬਾਹਰਲੇ ਰਾਜਾਂ ਤੋਂ ਅਣ-ਅਧਿਕਾਰਤ ਤੌਰ 'ਤੇ ਆਉਣ ਵਾਲੀ ਕਣਕ ਨੂੰ ਰੋਕਣ ਸਬੰਧੀ ਜ਼ਿਲ੍ਹੇ 'ਚ 9 ਥਾਵਾਂ 'ਤੇ ਨਾਕੇ






**ਤਲਵੰਡੀ ਸਾਬੋ, 20 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਹਾੜ੍ਹੀ ਸੀਜਨ 2026-27 ਦੌਰਾਨ ਬਾਹਰਲੇ ਰਾਜਾਂ ਤੋਂ ਅਣ ਅਧਿਕਾਰਤ ਤੌਰ 'ਤੇ ਅਉਣ ਵਾਲੀ ਕਣਕ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ 'ਤੇ 9 ਨਾਕੇ ਬਣਾਏ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਇਨ੍ਹਾਂ 9 ਨਾਕਿਆਂ 'ਤੇ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਬਠਿੰਡਾ ਵੱਲੋਂ ਆਪਣੇ ਨਿਰੀਖਕ ਅਤੇ ਸਹਾਇਕ ਖੁਰਾਕ ਅਤੇ ਸਪਲਾਈ ਅਫਸਰ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਇਨ੍ਹਾਂ ਨਾਲ ਪੰਜਾਬ ਮੰਡੀ ਬੋਰਡ ਵੱਲੋਂ ਵੀ ਉਕਤ ਨਾਕਿਆਂ 'ਤੇ ਆਪਣੇ ਕਰਮਚਾਰੀ ਤੈਨਾਤ ਕੀਤੇ ਗਏ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲਿਸ ਸਹਾਇਤਾ ਵੀ ਮੁਹਈਆ ਕਰਵਾਈ ਗਈ ਹੈ। ਜੇਕਰ ਕੋਈ ਵਿਆਕਤੀ ਜਾਂ ਫਰਮ ਬਾਹਰਲੇ ਰਾਜ ਤੋਂ ਕਣਕ ਮੰਗਵਾਉਦਾ ਹੈ ਤਾਂ ਉਸ ਵਿਆਕਤੀ ਜਾਂ ਫਰਮ ਵਿਰੁੱਧ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ। ਸ਼੍ਰੀ ਗੌਰਵ ਗਰਗ ਜ਼ਿਲ੍ਹਾ ਮੰਡੀ ਅਫਸਰ ਬਠਿੰਡਾ ਨੇ ਦੱਸਿਆ ਕਿ ਜੋ ਨਾਕੇ ਲਗਾਏ ਗਏ ਹਨ, ਇਨ੍ਹਾਂ ਵਿੱਚ ਬਠਿੰਡਾ-ਡੱਬਵਾਲੀ ਰੋਡ 'ਤੇ ਡੂੰਮਵਾਲੀ ਵਿਖੇ, ਚੱਕ ਰੁਲਦੂ ਸਿੰਘ ਵਾਲਾ ਤੋਂ ਪੰਨੀਵਾਲਾ ਰੋਡ ਤੇ ਚੱਕ ਰੁਲਦੂ ਸਿੰਘ ਵਾਲਾ ਵਿਖੇ, ਸੇਖੂ ਤੋਂ ਦੇਸੂ ਜੋਧਾ ਰੋਡ 'ਤੇ ਦੇਸੂ ਜੋਧਾ ਵਿਖੇ, ਤਲਵੰਡੀ ਤੋਂ ਸਰਦੂਲਗੜ੍ਹ ਮੇਨ ਰੋਡ 'ਤੇ ਪਿੰਡ ਨਥੇਹਾ ਵਿਖੇ, ਤਿਉਣਾ ਪੁਜਾਰੀਆ ਤੋਂ ਸਿੰਘਪੁਰਾ ਰੋਡ 'ਤੇ ਤਿਉਣਾ ਪੁਜਾਰੀਆ ਵਿਖੇ, ਕਣਕਵਾਲ ਤੋਂ ਦੇਸੂ ਮਲਕਾਣਾ ਰੋਡ 'ਤੇ ਕਣਕਵਾਲ ਵਿਖੇ, ਗਿਆਨਾ ਤੋਂ ਤਖਤਮਲ ਰੋਡ 'ਤੇ ਗਿਆਨਾ ਵਿਖੇ, ਪਿੰਡ ਚੱਠੇ ਵਿਖੇ ਅਤੇ ਨਾਕਾ ਲਿੰਕ ਰੋਡ ਪਿੰਡ ਗਾਟਵਾਲੀ ਤੋਂ ਕਿਉਲ ਅਤੇ ਪਿੰਡ ਗਾਟਵਾਲੀ ਵਿਖੇ ਲਗਾਏ ਗਏ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਸੀਨੀਅਰ ਪੱਤਰਕਾਰ ਕੈਪਟਨ ਸਿੰਘ ਨਾਲ ਸੈਲਫੀ ਕਰਵਾਈ



**ਚੌਂਕ ਮਹਿਤਾ,20 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਆਪਣੀ ਜਨਮ ਭੂਮੀ ਪਿੰਡ ਜਲਾਲ ਉਸਮਾ ਵਿਖੇ ਪੁੱਜੇ ਉੱਤਰਾਖੰਡ ਦੇ ਮਾਨਯੋਗ ਰਾਜਪਾਲ ਲੈਫਟੀਨੈਂਟ ਜਨਰਲ ਸ, ਗੁਰਮੀਤ ਸਿੰਘ ਜੀ ਨਾਲ ਯਾਦਗਾਰੀ ਫੋਟੋ ਸੈਲਫੀ ਕਰਉਂਦੇ ਹੋਏ ਸੀਨੀਅਰ ਪੱਤਰਕਾਰ ਕੈਪਟਨ ਸਿੰਘ ਚੌਂਕ ਮਹਿਤਾ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਮਾਸਟਰ ਗੁਰਪ੍ਰੀਤ ਸਿੰਘ ਰੰਧਾਵਾ ਜਲਾਲ,ਪ੍ਰਧਾਨ ਜਤਿੰਦਰ ਸਿੰਘ ਰੰਧਾਵਾ, ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਮੰਡੀਆਂ 'ਚ ਪਹੁੰਚੀ ਪ੍ਰੋ. ਬਲਜਿੰਦਰ ਕੌਰ, ਕਿਹਾ

# ਖਰੀਦ ਪ੍ਰਬੰਧਾਂ 'ਚ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਕਮੀ





**ਤਲਵੰਡੀ ਸਾਬੋ, 20 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ ਹਲਕਾ ਵਿਧਾਇਕ ਤੇ ਕੈਬਿਨਟ ਰੈਂਕ ਚੀਫ਼ ਵਿਪ ਪ੍ਰੋ. ਬਲਜਿੰਦਰ ਕੌਰ ਨੇ ਹਲਕੇ ਦੇ ਪਿੰਡ ਜਗਾ ਰਾਮ ਤੀਰਥ, ਸੀਂਗੋ ਆਦਿ ਪਿੰਡਾਂ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ। ਦੌਰੇ ਦੌਰਾਨ ਉਨ੍ਹਾਂ ਮੰਡੀ ਵਿਚ ਕਣਕ ਦੀ ਖਰੀਦ, ਲਿਫਟਿੰਗ, ਭੁਗਤਾਨ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਹਰ ਸਮੱਸਿਆ ਦੇ ਹੱਲ ਲਈ ਵਚਨਬੱਧ ਹੈ ਅਤੇ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਫਸਲ ਵੇਚਣ ਦੌਰਾਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ, ਇਸ ਲਈ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਣਕ ਦੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੂਰੇ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਮੰਡੀਆਂ ਵਿੱਚ ਆ ਰਹੀ ਹਰ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਕਿਸਾਨਾਂ ਅਤੇ ਪਿੰਡ ਵਾਸੀਆਂ ਨੇ ਵੀ ਆਪਣੀਆਂ ਮੰਗਾਂ ਅਤੇ ਮੁਸ਼ਕਲਾਂ ਪ੍ਰੋ. ਬਲਜਿੰਦਰ ਕੌਰ ਦੇ ਧਿਆਨ ਵਿੱਚ ਲਿਆਂਦੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਜਸਵਿੰਦਰ ਕੌਰ ਜਗਾ ਰਾਮ ਤੀਰਥ, ਗੁਰਤੇਜ ਸਿੰਘ ਜੋਗੇਵਾਲਾ, ਕੇਵਲ ਸਿੰਘ ਪੀਏ, ਪ੍ਰਗਟ ਸਿੰਘ ਸੀਂਗੋ, ਕੁਲਵੰਤ ਸਿੰਘ ਸੀਂਗੋ ਅਤੇ ਕਿਸਾਨ ਮੌਜੂਦ ਸਨ।

ਪੇਡ ਲੰਗਰ ਸੇਵਾ ਨਾਲ

# ਲੰਗਰ ਦੇ ਮੂਲ ਸਿਧਾਂਤ ਨੂੰ ਵੱਜ ਰਹੀ ਹੈ ਭਾਰੀ ਸੱਟ : ਭਾਈ ਸ਼ੁਭਦੀਪ ਸਿੰਘ

ਨਵੀਂ ਦਿੱਲੀ 20 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਅਜਕਲ ਗੁਰੂਘਰਾਂ ਅੰਦਰ ਲੰਗਰ ਨੂੰ ਹੱਥੀ ਤਿਆਰ ਕਰਣ ਨਾਲੋਂ ਬਾਹਰੋਂ ਪੇਡ ਹਲਵਾਈਆਂ ਕੋਲੋਂ ਬਣਵਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ ਜੋ ਕਿ ਮਰਿਆਦਾ ਦੇ ਉਲਟ ਹੈ। ਇਸ ਬਾਰੇ ਪੰਥ ਪ੍ਰਸਿੱਧ ਸ਼੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸ਼ੁਭਦੀਪ ਸਿੰਘ ਜੋ ਕਿ ਆਪਣੇ ਕੀਰਤਨ ਪ੍ਰੋਗਰਾਮ ਵਿਚ ਸੰਗਤਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਇਸ ਬਾਰੇ ਜਾਗਰੂਕ ਕਰਦੇ ਰਹਿੰਦੇ ਹਨ, ਨੇ ਇਕ ਵਿਸ਼ੇਸ਼ ਗੱਲਬਾਤ ਰਾਹੀਂ ਦਸਿਆ ਲੰਗਰ ਵਿੱਚ ਹੱਥੀਂ ਸੇਵਾ ਕਰਨ ਲਈ ਨਿਮਰਤਾ ਅਤੇ ਸਰੀਰਕ ਮਿਹਨਤ ਦੀ ਲੋੜ ਹੁੰਦੀ ਹੈ। ਆਧੁਨਿਕ ਜੀਵਨ ਸ਼ੈਲੀ ਕਾਰਨ ਲੋਕ ਸਰੀਰਕ ਮਿਹਨਤ ਕਰਨ ਦੀ ਬਜਾਏ ਪੈਸਾ ਖਰਚ ਕੇ ਕੰਮ ਕਰਵਾਉਣ ਨੂੰ ਤਰਜੀਹ ਦੇਣ ਲੱਗੇ ਹੋਏ ਹਨ। ਇਸ ਨਾਲ ਸੇਵਾ ਦੇ ਮੂਲ ਸਿਧਾਂਤ ਨੂੰ ਸੱਟ ਵੱਜ ਰਹੀ ਹੈ। ਇਸ ਕਰਕੇ ਅੱਜ-ਕੱਲ੍ਹ ਲੰਗਰ ਵਿੱਚ ਸਾਦਗੀ ਦੀ ਥਾਂ ਦਿਖਾਵੇ ਨੇ ਲੈ ਲਈ ਹੈ। ਉਨ੍ਹਾਂ ਕਿਹਾ ਕਈ ਲੋਕ ਕੁਝ "ਵਿਸ਼ੇਸ਼ ਪਕਵਾਨ" ਵਰਤਾਉਣ ਨੂੰ ਵੀ ਆਪਣੀ ਸਮਾਜਿਕ ਸ਼ਾਨ ਸਮਝਦੇ ਹਨ। ਅਜਿਹੇ ਪਕਵਾਨ ਅਕਸਰ ਬਾਹਰੋਂ ਆਰਡਰ ਕੀਤੇ ਜਾਂਦੇ ਹਨ ਜਾਂ ਪੇਡ ਸੇਵਾਦਾਰਾਂ ਰਾਹੀਂ ਤਿਆਰ ਕਰਵਾਏ ਜਾਂਦੇ ਹਨ। ਕਈ ਵੱਡੇ ਗੁਰਦੁਆਰਿਆਂ ਵਿੱਚ ਸੰਗਤ ਦੀ ਗਿਣਤੀ ਇੰਨੀ ਜ਼ਿਆਦਾ ਹੁੰਦੀ ਹੈ ਕਿ ਪ੍ਰਬੰਧਕੀ ਕਮੇਟੀਆਂ ਨੂੰ ਕੰਮ ਚਲਾਉਣ ਲਈ ਪੱਕੇ ਤੌਰ 'ਤੇ ਤਨਖਾਹਦਾਰ ਰਸੋਈਏ ਜਾਂ ਸੇਵਾਦਾਰ ਰੱਖਣੇ ਪੈਂਦੇ ਹਨ। ਹੌਲੀ-ਹੌਲੀ ਇਹ ਇੱਕ ਸਿਸਟਮ ਬਣ ਗਿਆ ਹੈ, ਜਿੱਥੇ ਸ਼ਰਧਾਲੂ ਸਿਰਫ ਮਾਇਆ ਭੇਟ ਕਰ ਦਿੰਦੇ ਹਨ ਅਤੇ ਪ੍ਰਬੰਧਕ ਸਾਰਾ ਕੰਮ ਕਰਵਾ ਲੈਂਦੇ ਹਨ। ਪੈਸਾ ਦਾਨ ਕਰਨਾ ਲੰਗਰ ਪ੍ਰਥਾ ਨੂੰ ਚਲਦਾ ਰੱਖਣ ਲਈ ਜ਼ਰੂਰੀ ਹੈ, ਪਰ ਸਿੱਖੀ ਵਿੱਚ "ਹੱਥੀਂ ਸੇਵਾ" ਦਾ ਆਪਣਾ ਇੱਕ ਵਿਲੱਖਣ ਅਧਿਆਤਮਿਕ ਮਹੱਤਵ ਹੈ ਜੋ ਮਨੁੱਖ ਨੂੰ ਨਿਮਰਤਾ ਸਿਖਾਉਂਦਾ ਹੈ। ਉਨ੍ਹਾਂ ਕਿਹਾ ਗੁਰੂਘਰ ਦੀ ਮਰਿਆਦਾ ਅਨੁਸਾਰ ਲੰਗਰ ਵਿੱਚ ਸ਼ੁੱਧਤਾ ਅਤੇ ਪਵਿੱਤਰਤਾ ਸਰਵਉੱਚ ਹੈ, ਜਿੱਥੇ ਨਸ਼ੇੜੀ ਜਾਂ ਮਾੜੀ ਸੰਗਤ ਵਾਲੇ ਵਿਅਕਤੀਆਂ ਦੁਆਰਾ ਸੇਵਾ ਕਰਨਾ ਸਖ਼ਤ ਮਨ੍ਹਾ ਹੈ। ਪੇਡ (ਪੈਸੇ ਲੈ ਕੇ ਬਣਾਇਆ) ਲੰਗਰ ਅਕਸਰ ਮਰਿਆਦਾ ਦੀ ਉਲੰਘਣਾ ਕਰਦਾ ਹੈ ਕਿਉਂਕਿ ਇੱਥੇ ਹਲਵਾਈ ਸ਼ੁੱਧਤਾ ਇਸ਼ਨਾਨ, ਗੁਰਬਾਣੀ ਜਾਪ ਆਦਿ ਦਾ ਧਿਆਨ ਨਹੀਂ ਰੱਖਦੇ। ਉਨ੍ਹਾਂ ਕਿਹਾ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਲੰਗਰ ਤਿਆਰ ਕਰਨ ਵਾਲੇ ਸੇਵਾਦਾਰਾਂ ਲਈ ਅੰਮ੍ਰਿਤਧਾਰੀ ਜਾਂ ਗੁਰਸਿੱਖ ਹੋਣਾ ਅਤੇ ਸੇਵਾ ਦੌਰਾਨ ਨਸ਼ਾ ਮੁਕਤ ਹੋਣਾ ਲਾਜ਼ਮੀ ਹੈ। ਜਦੋਂ ਲੰਗਰ ਸੇਵਾ ਦੀ ਬਜਾਏ ਵਪਾਰ ਬਣ ਜਾਂਦਾ ਹੈ, ਤਾਂ ਹਲਵਾਈ ਅਕਸਰ ਤੰਬਾਕੂ, ਸ਼ਰਾਬ ਜਾਂ ਹੋਰ ਨਸ਼ਿਆਂ ਦਾ ਸੇਵਨ ਕਰਦੇ ਹਨ, ਜੋ ਗੁਰੂਘਰ ਦੀ ਸ਼ਾਨ ਦੇ ਖਿਲਾਫ ਹੈ। ਗੁਰੂ ਘਰ ਦੇ ਸ਼ਰਧਾਲੂਆਂ ਨੂੰ ਅਜਿਹੇ ਪੇਡ ਲੰਗਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਕੇਵਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੁਆਰਾ ਤਿਆਰ ਕੀਤੇ ਸਾਫ਼-ਸੁਥਰੇ ਲੰਗਰ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ।



**ਜਦੋਂ ਲੰਗਰ ਸੇਵਾ ਦੀ ਬਜਾਏ ਵਪਾਰ ਬਣਦਾ ਹੈ, ਤਾਂ ਹਲਵਾਈ ਅਕਸਰ ਕਰਦੇ ਹਨ ਨਸ਼ਿਆਂ ਦਾ ਸੇਵਨ, ਜੋ ਗੁਰੂਘਰ ਦੀ ਮਰਿਆਦਾ ਦੇ ਹੈ ਖਿਲਾਫ**

# ਪੁਨਰ ਸਰਜੀਤ ਅਤੇ ਵਾਰਿਸ ਪੰਜਾਬ ਦੀ ਬਣੇਗੀ 2027 'ਚ ਸਰਕਾਰ : ਗੁਰਮੀਤ ਸਿੰਘ ਬਰੜਵਾਲ



**ਧੂਰੀ, (ਰਣਜੀਤ ਸਿੰਘ ਪੇਧਨੀ)**-ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ "ਵਾਰਿਸ ਪੰਜਾਬ ਦੇ ਵਿਚਾਲੇ ਬੀਤੇ ਦਿਨ ਹੋਈ ਮੀਟਿੰਗ ਨਾਲ ਪੰਜਾਬ ਦੇ ਲੋਕਾਂ ਵਿੱਚ ਇੱਕ ਖੁਸ਼ਹਾਲ ਅਤੇ ਤਰੱਕੀ ਪਸੰਦ ਸਰਕਾਰ ਦੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੱਤਾ ਵਿੱਚ ਆਉਣ ਦੀ ਉਮੀਦ ਹੋਰ ਮਜ਼ਬੂਤ ਹੋਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਗੁਰਮੀਤ ਸਿੰਘ ਬਰੜਵਾਲ ਨੇ ਕੀਤਾ। ਉਹਨਾਂ ਕਿਹਾ ਕਿ ਮੌਜੂਦਾ ਸ਼ਾਸਨ ਵਿੱਚ ਪੰਜਾਬ ਨਸ਼ਿਆਂ, ਬੇਰੁਜ਼ਗਾਰੀ, ਗੈਂਗਸਟਰਵਾਦ ਅਤੇ ਕਾਨੂੰਨ ਤੇ ਵਿਵਸਥਾ ਦੀ ਮਾੜੀ ਹਾਲਤ ਦਾ ਸੰਤਾਪ ਭੋਗ ਰਿਹਾ ਹੈ। ਇਹਨਾਂ ਮਾੜੇ ਹਾਲਾਤਾਂ ਤੋਂ ਸਮਾਜ ਦਾ ਹਰ ਵਰਗ ਫਿਰ ਭਾਵੇਂ ਉਹ ਕੋਈ ਵਪਾਰੀ, ਕਿਸਾਨ, ਨੌਕਰੀ ਪੇਸ਼ਾ ਜਾਂ ਫਿਰ ਨੌਜਵਾਨ ਹੋਣ, ਦੁਖੀ ਹਨ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਆਵਾਜ਼ ਨੂੰ ਬੁਲੰਦੀ ਨਾਲ ਚੁੱਕਣ ਵਿੱਚ ਅਕਾਲੀ ਦਲ ਪੁਨਰ ਸੁਰਜੀਤ ਤੇ ਅਕਾਲੀ ਦਲ " ਵਾਰਿਸ ਪੰਜਾਬ ਦੇ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਹਨ। ਉਹਨਾਂ ਕਿਹਾ ਕਿ ਸੂਬੇ ਦੇ ਮਾੜੇ ਹਾਲਾਤਾਂ ਤੋਂ ਤੰਗ ਅਤੇ ਪਰੇਸ਼ਾਨ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਾਲਾ ਖਾਲਸਾ ਰਾਜ ਇਹਨਾਂ ਦੋਨਾਂ ਪਾਰਟੀਆਂ ਦੀ ਸਾਲ 2027 ਵਿਧਾਨ ਸਭਾ ਚੋਣਾਂ ਵਿੱਚ ਬਣਨ ਵਾਲੀ ਪੰਥਕ ਵਾਲੀ ਸਰਕਾਰ ਹੀ ਦੇ ਸਕਦੀ ਹੈ।

# ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਗੁਰਦੁਆਰਾ ਗੁਰੂਆਣਾ ਸਾਹਿਬ ਹੋਏ ਨਤਮਸਤਕ



**ਮਹਿਤਾ ਚੌਕ, 20 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਉਤਰਾਖੰਡ ਦੇ ਮਾਨਯੋਗ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਜਲਾਲ ਉਸਮਾ ਨੇ ਮੀਰੀ ਪੀਰੀ ਦੇ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂਆਣਾ ਸਾਹਿਬ ਵੈਰੋਨੰਗਲ ਵਿੱਖੇ ਹੋਏ ਨਤਮਸਤਕ ਅਤੇ ਰਿਆਇਤੀ ਮਰਯਾਦਾ ਅਨੁਸਾਰ ਉਨ੍ਹਾਂ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਅਤੇ ਲੂਣ,ਝਾੜੂ ਮਾਂਝਾ ਭੇਂਟ ਕੀਤਾ । ਗੁਰਦੁਆਰਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਗਿਆਨੀ ਬਲਵੀਰ ਸਿੰਘ ਸੂਰੋ ਪੱਡਾ ਅਤੇ ਮੈਨੇਜਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਵਿੰਦਰ ਪਾਲ ਸਿੰਘ ਗੋਰਾ ਨੇ ਸਿਰੀ ਸਾਹਿਬ, ਸਿਰਪਾਉ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਤੇ ਉਨ੍ਹਾਂ ਦੇ ਨਾਲ ਨੌਜਵਾਨ ਆਗੂ ਸੁਖਜੀਤ ਸਿੰਘ ਮਾਨ ਜਲਾਲ ਉਸਮਾ, ਡਾਕਟਰ ਅਜੈਪਾਲ ਸਿੰਘ ਰੰਧਾਵਾ ਜਲਾਲ ਉਸਮਾ, ਮਾਸਟਰ ਗੁਰਪ੍ਰੀਤ ਸਿੰਘ ਰੰਧਾਵਾ ਜਲਾਲ ਉਸਮਾ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵੈਰੋਨੰਗਲ ਦੇ ਡਾਇਰੈਕਟਰ ਨਰਿੰਦਰ ਸਿੰਘ ਬਾਠ, ਚੇਅਰਮੈਨ ਸ੍ਰੀ ਮਤੀ ਰਾਜਵੰਤ ਕੌਰ ਬਾਠ ਆਦਿ ਹਾਜ਼ਰ ਸਨ।

# ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਨੂੰਨ ਬਣਾਉਣਾ ਮੁੱਖ ਮੰਤਰੀ ਮਾਨ ਦੇ ਹਿੱਸੇ ਆਇਆ : ਚੇਅਰਮੈਨ ਘੁੱਲੀ



ਧੂਰੀ (ਰਣਜੀਤ ਸਿੰਘ ਪੇਧਨੀ ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਕਾਰਨ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ। ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਸਬੰਧੀ ਨਵੀਆਂ ਧਰਾਵਾਂ ਜੋੜ ਕੇ ਸੋਧ ਬਿਲ ਅਸੈਂਬਲੀ ਵਿੱਚ ਪਿਛਲੇ ਦਿਨੀ ਸਰਬ ਸੰਮਤੀ ਨਾਲ ਪਾਸ ਹੋਣ ਉਪਰੰਤ ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਦਸਤਖਤ ਕਰਨ ਨਾਲ ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ ਅਤੇ ਇਸ ਕਾਨੂੰਨ ਤਹਿਤ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲ ਸਕਣਗੀਆਂ। ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਕਾਨੂੰਨ ਬਣਾਉਣ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਹਿੱਸੇ ਆਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਦਫ਼ਤਰ ਇੰਚਾਰਜ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕੀਤਾ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਵਾਉਣ ਵਾਸਤੇ ਵਿਧਾਨ ਸਭਾ ਵਿੱਚ ਪਹਿਲਾਂ ਵੀ ਚਾਰ ਵਾਰ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਪਿਛਲੇ ਦਿਨੀਂ ਅਸੈਂਬਲੀ ਵਿੱਚ ਪਾਸ ਹੋਏ ਇਸ ਬਿੱਲ ਨੇ ਕਾਨੂੰਨ ਦੀ ਜਗ੍ਹਾ ਲਈ ਹੈ ਅਤੇ ਇਹ ਕਾਨੂੰਨ ਬਣਾਉਣਾ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਿੱਸੇ ਆਇਆ ਹੈ। ਇਹ ਕਾਨੂੰਨ ਬਣਨ ਨਾਲ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲ ਸਕਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ

# ਖਾਲਸਾ ਪ੍ਰਗਟ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ






ਫ਼ਿਰੋਜ਼ਪੁਰ, 20 ਅਪ੍ਰੈਲ (ਮਨੋਹਰ ਲਾਲ):— ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਖਾਲਸਾ ਪ੍ਰਗਟ ਦਿਵਸ ਬੜੀ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਸਾਰਾਗੜ੍ਹੀ ਮੈਮੋਰੀਅਲ ਮੈਨੇਜਮੈਂਟ ਕਮੇਟੀ ਅਤੇ ਸਮੂਹ ਸੰਗਤ ਫ਼ਿਰੋਜ਼ਪੁਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਤਿੰਨ ਰੋਜ਼ਾ ਸਮਾਗਮ ਵਿੱਚ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ 17 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸਵੇਰੇ 11:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਨਾਲ ਹੋਈ ਅਤੇ ਤਿੰਨ ਦਿਨਾਂ ਤੱਕ ਚੱਲੇ ਇਸ ਪਵਿੱਤਰ ਪਾਠ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਇਲਾਹੀ ਬਾਣੀ ਦਾ ਪ੍ਰਵਾਹ ਚੱਲਿਆ, ਜਿਸ ਨਾਲ ਪੂਰਾ ਮਾਹੌਲ ਅਧਿਆਤਮਿਕ ਰੰਗ ਵਿੱਚ ਰੰਗਿਆ ਗਿਆ। ਉਨ੍ਹਾਂ ਦੱਸਿਆ ਕਿ ਸਮਾਗਮਾਂ ਦੇ ਸਮਾਪਤੀ ਸਮਾਰੋਹ ਦੌਰਾਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਸਵੇਰੇ 9 ਵਜੇ ਭੋਗ ਪਾਏ ਗਏ, ਭੋਗ ਉਪਰੰਤ ਕਥਾ ਵਿਚਾਰਾਂ ਦਾ ਵਿਸ਼ੇਸ਼ ਦੌਰ ਚੱਲਿਆ। ਇਸ ਮੌਕੇ ਸਵੇਰੇ 10:30 ਤੋਂ 11:30 ਵਜੇ ਤੱਕ ਹਜ਼ੂਰੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਨਿਹਾਲ ਕੀਤਾ। ਸਮਾਗਮ ਦੌਰਾਨ ਬਾਬਾ ਸੁਖਜੀਤ ਸਿੰਘ ਜੀ (ਬਾਬਾ ਰਾਮ ਲਾਲ ਜੀ ਵਾਲੇ) ਨੇ ਸਵੇਰੇ 11:30 ਤੋਂ 12:30 ਵਜੇ ਤੱਕ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਉਨ੍ਹਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਖਾਲਸਾ ਪੰਥ ਦੇ ਇਤਿਹਾਸ ਅਤੇ ਵਿਸਾਖੀ ਦੇ ਮਹੱਤਵ ਬਾਰੇ ਚਾਨਣਾ ਪਾਇਆ। ਸਮਾਗਮ ਦੌਰਾਨ ਸੰਗਤਾਂ ਵੱਲੋਂ ਤਨ, ਮਨ ਅਤੇ ਧਨ ਨਾਲ ਵੱਧ—ਚੜ੍ਹ ਕੇ ਸੇਵਾ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ। ਸਾਰਾਗੜ੍ਹੀ ਮੈਮੋਰੀਅਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਇਸ ਸਮਾਗਮ ਦੀ ਸਫਲਤਾ ਲਈ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਸਰਵ ਮੰਦਰ ਕੇਂਦਰੀ ਸਭਾ ਫ਼ਿਰੋਜ਼ਪੁਰ ਵੱਲੋਂ

# ਸ੍ਰੀ ਗੀਤਾ ਪ੍ਰਚਾਰ ਸਭਾ ਰਜਿ: ਫ਼ਿਰੋਜ਼ਪੁਰ ਵੱਲੋਂ ਕਲਸ਼ ਯਾਤਰਾ ਸਜਾਈ ਗਈ





ਫ਼ਿਰੋਜ਼ਪੁਰ, 20 ਅਪ੍ਰੈਲ (ਮਨੋਹਰ ਲਾਲ) :— ਸਰਵ ਮੰਦਰ ਕੇਂਦਰੀ ਸਭਾ ਫ਼ਿਰੋਜ਼ਪੁਰ ਵੱਲੋਂ ਸ੍ਰੀ ਗੀਤਾ ਪ੍ਰਚਾਰ ਸਭਾ ਰਜਿ: ਫ਼ਿਰੋਜ਼ਪੁਰ ਵੱਲੋਂ ਸਚਦੇਵਾ ਵਾਲਾ ਮੁਹੱਲੇ ਤੋਂ ਕਲਸ਼ ਯਾਤਰਾ ਕੱਢੀ ਗਈ। ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਸ੍ਰੀ ਮਹਾਂ ਮੰਡਲੇਸ਼ਵਰ 1008 ਸਵਾਮੀ ਵਿਗਿਆਨਾ ਨੰਦ ਸਰਸਵਤੀ ਜੀ ਮਹਾਰਾਜ ਸ੍ਰੀ ਗੀਤਾ ਵਿਗਾਨ ਆਸ਼ਰਮ ਕਨਖਲ ਹਰਿਦੁਆਰ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਪ੍ਰਵਚਨ ਕਰਦਿਆਂ ਕਿਹਾ ਕਿ ਸਾਨੂੰ ਪ੍ਰਮਾਤਮਾ ਤੇ ਅਟੱਲ ਵਿਸਵਾਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਭੂ ਦਾ ਨਾਮ ਤੁਹਾਡੇ ਸਾਰੇ ਦੁੱਖ ਦੂਰ ਕਰਦਾ ਹੈ, ਪਰ ਭਰੋਸੇ ਦੀ ਜ਼ਰੂਰਤ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਹਮੇਸ਼ਾ ਸਮਾਜ ਵਿਚ ਚੰਗੇ ਕੰਮ ਕਰਨੇ ਚਾਹੀਦੇ ਹਨ, ਵੱਧ ਤੋਂ ਵੱਧ ਦਾਨ—ਪੁੰਨ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਸੁਆਮੀ ਜੀ ਨੇ ਆਏ ਹੋਏ ਪਤਵੰਤੇ ਸੱਜਣ, ਪੱਤਰਕਾਰ ਭਾਈਚਾਰੇ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰਧਾਨ ਅਸ਼ੋਕ ਕੱਕੜ, ਪ੍ਰੇਮ ਨਾਥ ਸ਼ਰਮਾ ਜਨਰਲ ਸਕੱਤਰ, ਪਿਕੀ ਸਰਪ੍ਰਸਤ ਮਹਿਲਾ ਮੰਡਲ, ਗੀਤਾ ਸਰਪ੍ਰਸਤ ਮਹਿਲਾ ਮੰਡਲ ਪ੍ਰਧਾਨ ਤੋਂ ਇਲਾਵਾ ਪਰਮਿੰਦਰ ਸਿੰਘ ਪੱਤਰਕਾਰ, ਮਨੋਹਰ ਲਾਲ ਪੱਤਰਕਾਰ, ਸੁਰਿੰਦਰ ਪੱਤਰਕਾਰ, ਜਗਦੀਸ਼ ਪੱਤਰਕਾਰ, ਅਰੁਣ ਕੁਮਾਰ ਸ਼ਰਮਾ, ਸੁਰਜੀਤ ਕੁਮਾਰ, ਮੁਨੀਸ਼ਵਰ ਸ਼ਰਮਾ, ਦੁਬੇ ਪੱਤਰਕਾਰ ਮੱਲਾਂਵਾਲਾ ਤੋਂ ਇਲਾਵਾ ਕ੍ਰਿਸ਼ਨ ਮੰਦਰ ਦੇ ਪੰਡਿਤ ਰਮਾ ਸਾਸ਼ਤਰੀ, ਪੰਡਿਤ ਸ਼ਾਮ ਸੁੰਦਰ, ਡਾ: ਪਰਮਿੰਦਰ ਸਿੰਘ ਸਿਦਕੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ। ਇਸ ਮੌਕੇ ਤੇ ਬੀਬੀਆਂ ਵੱਲੋਂ ਸਿਰ ਤੇ ਕਲਸ਼ ਚੁੱਕ ਕੇ ਸਾਰੇ ਬਜ਼ਾਰ ਤੋਂ ਹੁੰਦੇ ਹੋਏ ਕਲਸ਼ ਯਾਤਰਾ ਕੱਢੀ ਗਈ, ਜ਼ੋ ਕਿ ਮਹਾਂਵੀਰ ਮੰਦਿਰ ਤੂੜੀ ਬਜ਼ਾਰ ਵਿਚ ਪਹੁੰਚਿਆ। ਇਸ ਮੌਕੇ ਤੇ ਸ੍ਰੀ ਪ੍ਰੇਮ ਨਾਥ ਸ਼ਰਮਾ ਨੇ ਸਭ ਤੋਂ ਪਹਿਲਾਂ ਆਏ ਹੋਏ ਪਤਵੰਤੇ ਸੱਜਣਾਂ, ਪੱਤਰਕਾਰ ਸਾਹਿਬਾਨ ਦਾ ਧੰਨਵਾਦ ਕੀਤਾ, ਜਿਨ੍ਹਾਂ ਕੀਮਤੀ ਸਮਾਂ ਕੱਢ ਕੇ ਇਹ ਕਲਸ਼ ਯਾਤਰਾ ਦੀ ਸ਼ਾਨ ਵਧਾਈ। ਇਸ ਮੌਕੇ ਤੇ ਸ੍ਰੀ ਸ੍ਰੀ ਮਹਾਂ ਮੰਡਲੇਸ਼ਵਰ ਸੁਆਮੀ ਵਿਗਾਨ ਨੰਦ ਸਰਵਸਤੀ ਜੀ ਮਹਾਰਾਜ ਨੂੰ ਸਮੂਹ ਪ੍ਰਮੁੱਖ ਆਗੂਆਂ ਵੱਲੋਂ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਪੰਚ ਲਖਵਿੰਦਰ ਸਿੰਘ ਰੰਧਾਵਾ ਉਸਮਾਂ ਵੱਲੋਂ ਰਾਜਪਾਲ ਉੱਤਰਾਖੰਡ ਦਾ ਨੂੰ ਕੀਤਾ ਸਨਮਾਨਤ



**ਚੌਕ ਮਹਿਤਾ, 20 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਮਾਨਯੋਗ ਉਤਰਾਖੰਡ ਦੇ ਰਾਜਪਾਲ ਲੈਫਟੀਨੇਂਟ ਜਨਰਲ ਗੁਰਮੀਤ ਸਿੰਘ ਦੀ ਆਪਣੇ ਜੱਦੀ ਪਿੰਡ ਜਲਾਲਉਸਮਾਂ ਦੀ ਫੇਰੀ ਦੌਰਾਨ ਉਨ੍ਹਾਂ ਦੀ ਆਮਦ ਦੀ ਖੁਸ਼ੀ ਮੌਕੇ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਵਿਸ਼ੇਸ਼ ਸਮਾਗਮ ਕਰਾਇਆ ਗਿਆ। ਇਸ ਮੌਕੇ ਸਿਰੀ ਸਾਹਿਬ ਨਾਲ ਰਾਜਪਾਲ ਜੀ ਦਾ ਸਨਮਾਨ ਕਰਦੇ ਹੋਏ ਉਸਮਾਂ ਦੇ ਸਰਪੰਚ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਤੇ ਸੁਖਦੇਵ ਸਿੰਘ ਉਸਮਾਂ। ਇਸ ਮੌਕੇ ਮਾਨਯੋਗ ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨੇ ਸਰਪੰਚ ਲਖਵਿੰਦਰ ਸਿੰਘ ਰੰਧਾਵਾ ਉਸਮਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਚੌਂਕ ਪਰਾਗਦਾਸ ਦੇ ਬੱਚਿਆਂ ਨੇ ਨਤੀਜਿਆਂ ਵਿੱਚੋਂ ਮਾਰੀ ਬਾਜੀ



**ਚੌਕ ਮਹਿਤਾ, 20 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਚੌਂਕ ਪਰਾਗ ਦਾਸ ਨਜ਼ਦੀਕ (ਸ੍ਰੀ ਦਰਬਾਰ ਸਾਹਿਬ) ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੱਕ ਵਾਰ ਫਿਰ ਬਾਜ਼ੀ ਮਾਰੀ ਹੈ। ਸੱਤਵੀਂ ਕਲਾਸ ਦੇ ਨਤੀਜਿਆਂ ਚੋਂ ਕਾਇਨਾਤ ਨੇ 96.27% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ, ਕਿਰਨਪ੍ਰੀਤ ਕੌਰ ਨੇ 95.84% ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਦਿਲਸ਼ੇਰ ਸਿੰਘ ਪੁੱਤਰ ਸਰਦਾਰ ਮਲਕੀਤ ਸਿੰਘ ਬਹਿੜਵਾਲ ਸੁਪਰਡੈਂਟ (ਧਰਮ ਪ੍ਰਚਾਰ ਕਮੇਟੀ) ਦੇ ਹੋਣਹਾਰ ਬੱਚੇ ਨੇ 95.36% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਫਲਤਾ ਸਾਂਝੀ ਮਿਹਨਤ ਦਾ ਨਤੀਜਾ ਹੈ। ਉਹਨਾਂ ਕਿਹਾ ਕਿ ਸਕੂਲ ਸ਼ੁਰੂ ਤੋਂ ਹੀ ਵਿਦਿਆਰਥੀਆਂ ਨੂੰ ਟੀਚਾ ਨਿਰਧਾਰਿਤ ਕਰਕੇ ਪੜ੍ਹਾਈ ਕਰਵਾਉਂਦਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਦਿਲਸ਼ੇਰ ਸਿੰਘ ਦੇ ਪਿਤਾ (ਸੁਪਰਡੈਂਟ)ਸਰਦਾਰ ਮਲਕੀਤ ਸਿੰਘ ਬਹਿੜਵਾਲ ਨੇ ਕਿਹਾ ਕਿ ਮੈਨੂੰ ਆਪਣੇ ਬੇਟੇ ਦਿਲਸ਼ੇਰ ਸਿੰਘ ਤੇ ਬਹੁਤ ਮਾਣ ਹੈ ਉਹਨਾਂ ਕਿਹਾ ਕਿ ਜੀਵਨ ਵਿੱਚ ਅੱਗੇ ਵਧਣ ਲਈ ਪੜ੍ਹਾਈ ਦਾ ਚੰਗਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਅਤੇ ਚੰਗੇ ਨਤੀਜਿਆਂ ਦਾ ਮੈਂ ਸਮੂਹ ਬੱਚਿਆਂ, ਪ੍ਰਿੰਸੀਪਲ ਸਾਹਿਬਾਨ ਅਤੇ ਸਮੂਹ ਟੀਚਰ ਸਾਹਿਬਾਨ ਨੂੰ ਵਧਾਈ ਦਿੰਦਾ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਬਣਾਏ ਗਏ ਕਾਨੂੰਨ ਦਾ ਪੰਜਾਬ ਸਰਕਾਰ ਤੇ ਮਾਣਯੋਗ ਗਵਰਨਰ ਪੰਜਾਬ ਦਾ ਫੈਸਲਾ ਸ਼ਲਾਘਾ ਯੋਗ—ਪ੍ਰਧਾਨ ਭਾਈ ਕੁਲਵੰਤ ਸਿੰਘ



ਫ਼ਿਰੋਜ਼ਪੁਰ, 20 ਅਪ੍ਰੈਲ (ਮਨੋਹਰ ਲਾਲ) :— ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰਡ ਦੀ 11 ਮੈਂਬਰੀ ਕਮੇਟੀ ਦੀ ਮੀਟਿੰਗ ਪ੍ਰਧਾਨ ਭਾਈ ਕੁਲਵੰਤ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਮਈ ਰਾਮ ਦੇਵੀ ਜੀ ਵਿਖੇ ਹੋਈ, ਜਿਸ ਵਿੱਚ ਪ੍ਰਧਾਨ ਜੀ ਨੇ ਸਾਰੇ ਸਿੰਘਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਜਿਵੇਂ ਕਿ ਬੇਅਦਬੀਆਂ ਦੇ ਮਾਮਲੇ ਦਿਨੋ—ਦਿਨ ਵਧਦੇ ਜਾ ਰਹੇ ਸਨ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ ਸੀ ਉਸਨੂੰ ਮੰਦ ਬੁੱਧੀ ਕਹਿ ਕੇ ਬਚਾ ਲਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ 90 ਤੋਂ 95 ਫੀਸਦੀ ਬੇਅਦਬੀ ਕਰਨ ਵਾਲਾ ਆਦਮੀ ਬਚ ਜਾਂਦਾ ਸੀ, ਜਿਸ ਦੇ ਚਲਦਿਆਂ ਪੰਜਾਬ ਸਰਕਾਰ ਵੱਲੋਂ ਬੇਅਦਬੀ ਕਰਨ ਤੇ ਸਖਤ ਕਾਨੂੰਨ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਵਿਚ ਅਜਿਹੀ ਕਰਤੂਤ ਕਰਨ ਵਾਲੇ ਨੂੰ ਘੱਟੋ ਘੱਟ 10 ਸਾਲ ਜਾਂ ਉਮਰ ਕੈਦ ਅਤੇ 25 ਲੱਖ ਰੁਪਏ ਜੁਰਮਾਨਾ ਰੱਖਿਆ ਗਿਆ ਹੈ ਅਤੇ ਅਜਿਹਾ ਫੈਸਲਾ ਕਰਕੇ ਸਰਕਾਰ ਨੇ ਸ਼ਲਾਘਯੋਗ ਕਾਰਜ ਕੀਤਾ ਹੈ, ਜਿਸ ਦੀ ਅਸੀਂ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰਡ ਵੱਲੋਂ ਪੰਜਾਬ ਸਰਕਾਰ ਅਤੇ ਮਾਣਯੋਗ ਗਵਰਨਰ ਸਾਹਿਬ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ ਜਿਨਾਂ ਨੇ ਇਹ ਕਾਨੂੰਨ ਪਾਸ ਕਰਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਿਆ ਹੈ। ਸਿੱਖ ਆਗੂਆਂ ਨੇ ਕਿਹਾ ਕਿ ਹੁਣ ਮੰਦ ਬੁੱਧੀ ਕਹਿਣ ਵਾਲੇ ਦੇ ਪਰਿਵਾਰ ਨੂੰ ਵੀ ਸਜ਼ਾ ਮਿਲੇਗੀ ਇਹ ਵੀ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀ 10 ਫਰਵਰੀ 2026 ਨੂੰ ਵਿਕਰਮਜੀਤ ਸਿੰਘ ਗੱਬਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਬਹੁਤ ਹੀ ਭੱਦੀ ਸ਼ਬਦਾਵਲੀ ਵਿੱਚ ਗਾਲਾਂ ਕੱਢੀਆਂ ਸਨ ਜਿਸ ਤੇ ਸਿੱਖ ਜਥੇਬੰਦੀਆਂ ਵੱਲੋਂ ਸਿੱਖ ਸੰਗਤਾਂ ਨਾਲ ਮਿਲ ਕੇ ਪਰਚਾ ਦਰਜ ਕਰਵਾਇਆ ਸੀ ਅਸੀਂ ਮਾਣਯੋਗ ਜੱਜ ਸਾਹਿਬ ਅਤੇ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਇਸ ਬਣਾਏ ਗਏ ਕਾਨੂੰਨ ਮੁਤਾਬਿਕ ਵਿਕਰਮਜੀਤ ਸਿੰਘ ਉਰਫ ਗੱਬਰ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਇਸ ਤਰ੍ਹਾਂ ਦੀ ਗਲਤੀ ਨਾ ਕਰ ਸਕੇ। ਆਗੂਆਂ ਲੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਇਸੇ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਵੀ ਠੋਸ ਕਦਮ ਚੁੱਕ ਕੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕਰਵਾਇਆ ਜਾਵੇ। ਇਸ ਮੀਟਿੰਗ ਵਿਚ ਪ੍ਰਧਾਨ ਭਾਈ ਕੁਲਵੰਤ ਸਿੰਘ, ਮੀਤ ਪ੍ਰਧਾਨ ਭਾਈ ਕਸ਼ਮੀਰ ਸਿੰਘ, ਚੇਅਰਮੈਨ ਭਾਈ ਅਵਤਾਰ ਸਿੰਘ ਫੌਜੀ, ਵਾਈਸ ਚੇਅਰਮੈਨ ਭਾਈ ਹਰਮੀਤ ਸਿੰਘ, ਸਕੱਤਰ ਭਾਈ ਅੰਮ੍ਰਿਤਪ੍ਰੀਤ ਸਿੰਘ, ਮੀਤ ਸਕੱਤਰ ਭਾਈ ਗੁਰਮੀਤ ਸਿੰਘ, ਖਜਾਨਚੀ ਭਾਈ ਬਸੰਤ ਸਿੰਘ, ਮੀਤ ਖਜਾਨਚੀ ਭਾਈ ਮਨਜੀਤ ਸਿੰਘ, ਸਟੇਜ ਸਕੱਤਰ ਭਾਈ ਸਤਨਾਮ ਸਿੰਘ ਸਾਜਨ, ਭਾਈ ਜਸਪ੍ਰੀਤ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਮਨਦੀਪ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਸਮਰੱਥ ਸਿੰਘ, ਭਾਈ ਮੇਜਰ ਸਿੰਘ ਤੋਂ ਇਲਾਵਾ ਕਈ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।

### ਅਕਾਲੀ ਦਲ( ਵਾਰਿਸ ਪੰਜਾਬ) ਇੰਗਲੈਂਡ ਸ਼ਾਖਾ ਵੱਲੋਂ ਮਹੱਤਵਪੂਰਨ ਮੀਟਿੰਗ

# ਐਮਪੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਮੁੱਖ ਮੰਤਰੀ ਦਾ ਚਿਹਰਾ ਲੜਨ ਦੀ ਡਟਵੀ ਹਮਾਇਤ







ਕਵੈਂਟਰੀ (ਇੰਗਲੈਂਡ), 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਅਕਾਲੀ ਦਲ ਵਾਰਸ ਪੰਜਾਬ ਦੀ ਇੰਗਲੈਂਡ ਸ਼ਾਖਾ ਵੱਲੋਂ ਭਾਈ ਜਗਰੂਪ ਸਿੰਘ ਦੀ ਅਗਵਾਈ ਵਿਚ ਇੱਕ ਅਹਿਮ ਮੀਟਿੰਗ ਕਵੈਂਟਰੀ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿਚ ਲੰਡਨ ਤੇ ਦੱਖਣੀ ਇੰਗਲੈਂਡ ਦੀਆਂ ਵੱਖ-ਵੱਖ ਬਰਾਂਚਾਂ ਦੇ ਮੈਂਬਰਾਂ ਨੇ ਭਰਪੂਰ ਭਾਗੀਦਾਰੀ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV

ਮੀਟਿੰਗ ਵਿਚ ਕਵੈਂਟਰੀ ਤੋਂ ਭਾਈ ਜਗਰੂਪ ਸਿੰਘ, ਜਸਵੀਰ ਸਿੰਘ, ਰਵਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ, ਮਨਮੋਹਨ ਸਿੰਘ, ਵੂਲਵਰਹੈਂਪਟਨ ਬਰਾਂਚ ਤੋਂ ਪ੍ਰਭਜੀਤ ਸਿੰਘ, ਕੰਵਲਜੀਤ ਸਿੰਘ, ਡਰਬੀ ਤੋਂ ਦੀਪਾ ਅਤੇ ਚਰਨਜੀਤ ਸਿੰਘ ਸਮੇਤ ਹੋਰ ਬਰਾਂਚਾਂ ਦੇ ਬਹੁਤੇ ਮੈਂਬਰ ਹਾਜ਼ਰ ਸਨ।

ਇਸ ਮੌਕੇ ਵਾਰਸ ਪੰਜਾਬ ਜਥੇਬੰਦੀ ਵੱਲੋਂ ਪਿਛਲੇ ਸਮੇਂ ਵਿਚ ਕੀਤੇ ਗਏ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤ ਅਤੇ ਪੰਜਾਬ ਦੀਆਂ ਮੌਜੂਦਾ ਸਥਿਤੀਆਂ ਨੂੰ ਲੈ ਕੇ ਵੀ ਏਕਤਾ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿਚ ਭਾਈ ਮਨਪ੍ਰੀਤ ਸਿੰਘ ਇਆਲੀ ਨੂੰ ਇੱਕ ਸਾਂਝੀ ਕਮੇਟੀ ਦਾ ਕਨਵੀਨਰ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਅਤੇ ਉਨ੍ਹਾਂ ਦੀ ਭੂਮਿਕਾ ਦੀ ਵੀ ਸ਼ਲਾਘਾ ਹੋਈ।

ਮੀਟਿੰਗ ਵਿਚ ਭਾਈ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਵਿਸਾਖੀ ਵਾਲੀ ਕਨਵੈਨਸ਼ਨ ਬਾਰੇ ਵੀ ਚਰਚਾ ਹੋਈ। ਇਸ ਮੌਕੇ ਸੰਗਤਾਂ ਨੇ ਜ਼ੋਰਦਾਰ ਲਹਿਜ਼ੇ ਵਿਚ ਐਲਾਨ ਕੀਤਾ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵਾਰਸ ਪੰਜਾਬ ਜਥੇਬੰਦੀ ਅਤੇ ਸਿੱਖ ਪੰਥ ਲਈ ਭਾਈ ਅੰਮ੍ਰਿਤਪਾਲ ਸਿੰਘ ਹੀ ਮੁੱਖ ਚਿਹਰਾ ਹੋਵੇਗਾ। ਇਸ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ ਗਈ। ਖਾਲਸਾ ਪੰਥ ਵੱਲੋਂ ਚੱਲ ਰਹੇ ਨਗਰ ਕੀਰਤਨਾਂ ਵਿਚ ਵੀ ਵਾਰਸ ਪੰਜਾਬ ਵੱਲੋਂ ਚੱਲ ਰਹੀਆਂ ਗਤੀਵਿਧੀਆ ਸੰਗਤਾਂ ਤੱਕ ਪਹੁੰਚਾਉਣ ਲਈ ਮੈਂਬਰਾਂ ਨੂੰ ਡਿਊਟੀ ਸੌਂਪੀ ਗਈ।ਇਸ ਤੋਂ ਇਲਾਵਾ ਸਿੱਖ ਪੰਥ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਅਸੀਂ 2027 ਤੱਕ ਪੰਜਾਬ ਵਿਚੋਂ ਨਸ਼ਾ ਖਤਮ ਕਰਨਾ ਚਾਹੁੰਦੇ ਹਾਂ ਅਤੇ ਨੌਜਵਾਨਾਂ ਦੀ ਜਵਾਨੀ ਬਚਾਉਣੀ ਚਾਹੁੰਦੇ ਹਾਂ ਤਾਂ ਵੱਖ-ਵੱਖ ਢੋਲ ਵਜਾਉਣ ਤੋਂ ਬਚਦਿਆਂ ਇੱਕ ਮੁੱਠ ਹੋ ਕੇ ਵਾਰਸ ਪੰਜਾਬ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇੱਕਜੁੱਟ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਹੀ ਹੋਰ ਸਿਆਸੀ ਪਾਰਟੀਆਂ ਅਤੇ ਛੋਟੇ-ਛੋਟੇ ਧੜਿਆਂ ਨੂੰ ਮਾਤ ਦਿੱਤੀ ਜਾ ਸਕਦੀ ਹੈ। ਮੀਟਿੰਗ ਵਿਚ ਹਾਜ਼ਰ ਸਾਰੇ ਮੈਂਬਰਾਂ ਨੇ ਜਥੇਬੰਦੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਆਪਣਾ ਪੂਰਾ ਵਜ਼ਨ ਬੰਨ੍ਹਿਆ ਅਤੇ ਖਾਲਸਾ ਪੰਥ ਦੀ ਇੱਕ ਆਵਾਜ਼ ਬਣਾਉਣ ਦਾ ਸੰਕਲਪ ਲਿਆ।




## ਜਦੋਂ ਤੁਸੀਂ ਭੀੜ ਚੋਂ ਉਭਰ ਕੇ ਦਹਾਕਿਆਂ ਤੋਂ ਸਥਾਪਿਤ ਢਾਂਚੇ ਨੂੰ ਚੁਨੌਤੀ ਦਿੰਦੇ ਹੋ ? ਤਾਂ ਤੁਹਾਡਾ ਵਿਰੋਧ ਹੋਣਾ ਤੈਅ ਹੈ

## ਲਕੀਰ ਖਿੱਚ ਕੇ ਨੱਕ ਦੀ ਸੇਧ ਤੁਰਨਾ ਕੰਡਿਆਂ ਦੀ ਸੇਜ



ਤੁਸੀ ਕਿਸੇ ਵੀ ਸਥਾਪਿਤ ਢਾਂਚੇ ਦੇ ਵਿੱਚ ਰਹਿ ਕੇ ਨੀਤੀਆਂ ਨੂੰ ਚੁਨੌਤੀ ਦਿੰਦੇ ਹੋ ਤਾਂ ਤੁਹਾਡਾ ਵਿਰੋਧ ਹੋਣਾ ਤੈਅ ਹੈ ।ਉਹ ਸਥਾਪਿਤ ਢਾਂਚਾ ਜਿਸ ਦੀਆਂ ਜੜਾਂ ਪਿੱਪਲ ਦੇ ਦਰੱਖਤ ਵਾਂਗ ਪਤਾਲ ਨੂੰ ਛੂਦੀਆਂ ਹਨ ।ਉਸ ਸਥਾਪਿਤ ਢਾਂਚੇ ਨੂੰ ਸਵਾਲ ਕਰਨ ਦਾ ਮਤਲਬ ਜਾਂ ਤਾਂ ਤੁਸੀਂ ਪਾਗਲ ਹੋ ਜਾਂ ਫਿਰ ਆਤਮ ਵਿਸ਼ਵਾਸ ਨਾਲ ਭਰੇ ਹੋਏ ਹੋ ।ਉਹ ਸਥਾਪਿਤ ਢਾਂਚਾ ਜੋ ਉਬਰ ਦੇ ਨਵੇਂ ਫੁੱਲਾਂ ਨੂੰ ਖਿੜਨ ਤੋਂ ਪਹਿਲਾਂ ਹੀ ਚੂਰੋ ਚੂਰ ਕਰਕੇ ਮਿੱਟੀ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਦਾ ਹੈ ।ਸਿਸਟਮ ਨੂੰ ਉਂਗਲੀ ਤੇ ਨਚਾਉਣ ਵਾਲਿਆਂ ਨੂੰ ਲੱਗਦਾ ਹੈ ਕਿ ਸ਼ਾਇਦ ਅਸੀਂ ਸਭ ਕੁਝ ਕਰ ਗਏ ਪਰ ਸਾਡੀ ਕਿਸੇ ਨੂੰ ਭਿਣਕ ਨਹੀਂ ਲਗੀ ।ਇਹ ਭੁਲੇਖਾ ਹੀ ਆ । ਜੇ ਤੁਹਾਡੇ ਤੇ ਧਾੜਬੀਆਂ ਵਾਂਗੂ ਗਾਰਦ ਚੜ ਕੇ ਆਵੇ, ਸਮਰਪਿਤ ਹੋ ਕੇ ਵੀ ਜੀ ਜਾਨ ਨਾਲ ਮਿਹਨਤ ਕਰਦਿਆਂ ਤੇ ਵੀ ਸੀਬੀਆਈ ਦੀ ਰੇਡ ਪੈ ਜੇ , ਤੇ ਪੱਲੇ ਕੱਖ ਨਾ ਪਵੇ ।ਤੁਹਾਨੂੰ ਖਲਨਾਇਕ ਵਾਂਗੂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਫਿਰ ਗਾਰਦ ਨੂੰ ਛੱਪੜੀ ਨਹੀਂ ਚੱਪਣੀ ਦੀ ਲੋੜ ਆ । ਸ਼ਾਇਦ ਉਹ ਭੁੱਲ ਜਾਂਦੇ ਨੇ ਸੂਰਜ ਮੁਖੀ ਦੇ ਫੁੱਲ ਦਾ ਮੂੰਹ ਸੂਰਜ ਦੇ ਚੜਨ ਤੋਂ ਲੈ ਕੇ ਛਿਪਣ ਤੱਕ ਸਿਰਫ ਸੂਰਜ ਵੱਲ ਰਹਿੰਦਾ ਹੈ ।ਇਸ ਲਿਖਤ ਦੇ ਵਿੱਚ ਉਦਾਹਰਨ ਸਿੱਧੂ ਮੂਸੇਵਾਲੇ ਦੀ ਵੀ ਬਿਲਕੁਲ ਫਿਟ ਬੈਠਦੀ ਆ । ਅਣਖ ਗੈਰਤ ਦੀ ਜਿੰਦਗੀ ਜਿਉ ਕੇ ਗਿਆ ।ਮਰਨੀ ਮਰ ਗਿਆ ਪਰ ਕਿਸੇ ਲਈ ਬਦਲਿਆ ਨਹੀਂ ।ਜਿੰਦਗੀ ਜਿਉਣ ਦਾ ਸਲੀਕਾ ਕਿਸੇ ਕਰਕੇ ਬਦਲਿਆ ਨਹੀਂ ।ਮੌਜੂਦਾ ਸਮੇਂ ਵਿੱਚ ਇਸੇ ਤਰ੍ਹਾਂ ਦੀ ਰਾਜਨੀਤੀ ਦਾ ਸ਼ਿਕਾਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵੀ ਹਨ ।ਜੋ ਮੈਂਬਰ ਪਾਰਲੀਮੈਂਟ ਬਣ ਕੇ ਵੀ ਆਸਾਮ ਦੀ ਡਿਬਰੂਗੜ ਜੇਲ੍ਹ ਵਿੱਚ ਨਜ਼ਰਬੰਦ ਹਨ ।ਇੱਕ ਉਹ ਸ਼ਖਸੀਅਤ ਵੀ ਸੀ ਜਿਸ ਦਾ ਕੋਈ ਤੋੜ ਨਹੀਂ ਸੀ ਉਹ ਸੀ ਦੀਪ ਸਿੱਧੂ ।

**ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥**
**ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥4॥**

**ਅਰਥ**-ਪ੍ਰਭੂ ਜਿਸ ਜੀਵ ਦੇ ਪੱਖ ਵਿਚ ਹੋ ਜਾਂਦਾ ਹੈ ਉਹ ਜੀਵ (ਵਿਕਾਰਾਂ ਦੇ ਟਾਕਰੇ ਤੇ ਮਨੁੱਖਾ ਜਨਮ ਦੀ ਬਾਜ਼ੀ) ਕਦੇ ਹਾਰਦਾ ਨਹੀਂ, ਉਸ ਪ੍ਰਭੂ ਦਾ ਦਰਬਾਰ ਸਦਾ ਅਟੱਲ ਹੈ, ਮੈਂ ਉਸ ਨੂੰ ਨਮਸਕਾਰ ਕਰਦਾ ਹਾਂ ।

**-ਪਰਗਟ ਸਿੰਘ ਬਲਬੇੜਾ, 9022000070**

## ਆਰੀਆ ਮਹਿਲਾ ਕਾਲਜੀਏਟ ਸੀਨੀਅਰ ਸੈਕਡਰੀ ਸਕੂਲ ਦੀਆਂ ਵਿਦਿਆਰਥਣਾਂ ਨੂੰ ਭਵਿੱਖ ਬਾਰੇ ਕੀਤਾ ਜਾਗਰੂਕ

ਬਰਨਾਲਾ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜੀਏਟ ਸੀਨੀਅਰ ਸੈਕਡਰੀ ਸਕੂਲ ਬਰਨਾਲਾ ਵਿੱਚ ਪ੍ਰਿੰਸੀਪਲ ਮੈਡਮ ਡਾਕਟਰ ਸੁਸ਼ੀਲ ਬਾਲਾ ਜੀ ਦੀ ਅਗਵਾਈ ਵਿੱਚ ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਆਉਣ ਵਾਲੇ ਭਵਿੱਖ ਬਾਰੇ ਜਾਗਰੂਕ ਕਰਨ ਸੰਬੰਧੀ ਸੰਸਥਾ ਦੇ ਮੈਨੇਜਿੰਗ ਕਮੇਟੀ ਦੇ ਜਨਰਲ ਸਕੱਤਰ ਸ਼੍ਰੀ ਕੇਵਲ ਜਿੰਦਲ,ਉਪ ਪ੍ਰਧਾਨ ਸ਼੍ਰੀ ਰਾਮ ਕੁਮਾਰ ਸੋਬਤੀ,ਮੈਂਬਰ ਸ਼੍ਰੀ ਪ੍ਰਦੀਪ ਗੋਇਲ ਜੀ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਨੇ ਵਿਦਿਆਰਥਣਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਕਿਸ ਵਿਸ਼ੇ ਨੂੰ ਚੁਣਨਾ ਚਾਹੀਦਾ ਹੈ ਅਤੇ ਕਿਸ ਵਿਸ਼ੇ ਤੋਂ ਉਹ ਆਪਣਾ ਭਵਿੱਖ ਚੰਗਾ ਬਣਾ ਸਕਦੇ ਹਨ। ਇਸ ਦੇ ਨਾਲ ਹੀ ਉਹਨਾਂ ਨੇ ਬੱਚਿਆਂ ਤੋਂ ਉਹਨਾਂ ਦੇ ਸ਼ੌਕ ਬਾਰੇ ਪੁੱਛਿਆ ਤਾਂ ਜੋ ਉਹਨਾਂ ਨੂੰ ਆਪਣੇ ਆਉਣ ਵਾਲੇ ਸਮੇਂ ਵਿੱਚ ਆਪਣੀ ਪੜ੍ਹਾਈ ਸਬੰਧੀ ਚੋਣ ਕਰਨ ਵਿੱਚ ਆਸਾਨੀ ਹੋ ਸਕੇ। ਇਸ ਨਾਲ ਹੀ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਜੀ ਨੇ ਬੱਚਿਆਂ ਨੂੰ ਕਾਲਜ ਵਿੱਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਰੀਅਰ ਕੌਂਸਲਿੰਗ ਬਾਰੇ ਵੀ ਜਾਗਰੂਕ ਕੀਤਾ। ਇਸ ਮੌਕੇ ਸਕੂਲ ਇੰਚਾਰਜ ਮੈਡਮ ਮੋਨਿਕਾ ਮਿੱਤਲ ਅਤੇ ਸਮੂਹ ਸਟਾਫ ਹਾਜ਼ਰ ਸਨ।

## ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਜੋਧਪੁਰ (ਬਰਨਾਲਾ) ਵਿੱਚ ਆਈਟੀ ਅਤੇ ਬਿਊਟੀ ਵੈੱਲਨੈੱਸ ਕਿੱਟਾਂ ਦੀ ਵੰਡ

ਬਰਨਾਲਾ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਅੱਜ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਜੋਧਪੁਰ, ਜ਼ਿਲ੍ਹਾ ਬਰਨਾਲਾ ਵਿੱਚ ਇਨਫਾਰਮੇਸ਼ਨ ਟੈਕਨੋਲੋਜੀ ਅਤੇ ਬਿਊਟੀ ਵੈੱਲਨੈੱਸ ਟਰੇਡ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਟੂਲ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਨੇ ਦੱਸਿਆ ਕਿ ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਦੇ ਅਧੀਨ ਪਿਛਲੇ ਪੰਜ ਸਾਲਾਂ ਤੋਂ ਸਕੂਲ ਵਿੱਚ ਇਨਫਾਰਮੇਸ਼ਨ ਟੈਕਨੋਲੋਜੀ ਅਤੇ ਬਿਊਟੀ ਵੈੱਲਨੈੱਸ ਕੋਰਸ ਸਫਲਤਾਪੂਰਵਕ ਚਲ ਰਹੇ ਹਨ। ਸਕੂਲ ਦੇ ਮੀਡੀਆ ਕੋਆਰਡੀਨੇਟਰ ਡਾ. ਜਤਿੰਦਰ ਜੋਸ਼ੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਾਲ ਬਿਊਟੀ ਵੈੱਲਨੈੱਸ ਟਰੇਡ ਦੇ 23 ਅਤੇ ਇਨਫਾਰਮੇਸ਼ਨ ਟੈਕਨੋਲੋਜੀ ਦੇ 36 ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੋਰਸ ਅਨੁਸਾਰ ਕਿੱਟਾਂ ਵੰਡੀਆਂ ਗਈਆਂ ਹਨ ਵੋਕੇਸ਼ਨਲ ਟ੍ਰੇਨਰ ਸ਼੍ਰੀ ਹਰਪ੍ਰੀਤ ਸਿੰਘ ਅਤੇ ਮੈਡਮ ਲਵਪ੍ਰੀਤ ਕੌਰ ਨੇ ਦੱਸਿਆ ਕਿ ਇਹ ਕਿੱਟਾਂ ਸੰਬੰਧਿਤ ਟਰੇਡ ਦੇ ਸਾਰੇ ਜਰੂਰੀ ਸਾਧਨਾਂ ਨਾਲ ਭਰੀਆਂ ਹੋਈਆਂ ਹਨ। ਇਨ੍ਹਾਂ ਦੀ ਮਦਦ ਨਾਲ ਵਿਦਿਆਰਥੀ ਆਪਣਾ ਖੁਦ ਦਾ ਰੋਜ਼ਗਾਰ ਸ਼ੁਰੂ ਕਰ ਸਕਦੇ ਹਨ ਅਤੇ ਆਤਮਨਿਰਭਰ ਬਣ ਸਕਦੇ ਹਨ। ਇਸ ਸਮਾਰੋਹ ਦੌਰਾਨ ਸਕੂਲ ਦੇ ਸਟਾਫ ਮੈਂਬਰਾਂ ਵਿੱਚ ਸ਼੍ਰੀ ਰਾਜੇਸ਼ ਕੁਮਾਰ, ਮੈਡਮ ਰਮਨਦੀਪ ਕੌਰ, ਮੈਡਮ ਨਵਦੀਪ ਸ਼ਰਮਾ, ਮੈਡਮ ਗਗਨਦੀਪ ਕੌਰ, ਮੈਡਮ ਪਾਇਲ ਗਰਗ, ਮੈਡਮ ਪੂਨਮ ਸ਼ਰਮਾ, ਸ਼੍ਰੀ ਬਲਵੀਰ ਸਿੰਘ, ਮੈਡਮ ਗੁਰਮੀਤ ਕੌਰ, ਮੈਡਮ ਪਰਮਜੀਤ ਕੌਰ, ਸ਼੍ਰੀ ਯੁਵਰਾਜ, ਮੈਡਮ ਅਮਰੀਦਰ ਕੌਰ ਅਤੇ ਸ਼੍ਰੀ ਤਿਲਕ ਰਾਮ ਵੀ ਮੌਜੂਦ ਰਹੇ। ਸਮਾਗਮ ਸਫਲਤਾਪੂਰਵਕ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ।

## ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਨੂੰਨ ਬਣਾਉਣਾ ਮਾਨ ਦੇ ਹਿੱਸੇ ਆਇਆ: ਚੇਅਰਮੈਨ ਚੀਮਾ

ਪੱਟੀ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਕਾਰਨ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ, ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਸਬੰਧੀ ਨਵੀਆਂ ਧਰਾਵਾਂ ਜੋੜ ਕੇ ਸੋਧ ਬਿਲ ਅਸੈਂਬਲੀ ਵਿੱਚ ਪਿਛਲੇ ਦਿਨੀ ਸਰਬ ਸੰਮਤੀ ਨਾਲ ਪਾਸ ਹੋਣ ਉਪਰੰਤ ਮਾਣਯੋਗ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਦਸਤਖਤ ਕਰਨ ਨਾਲ ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ ਅਤੇ ਇਸ ਕਾਨੂੰਨ ਤਹਿਤ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲ ਸਕਣਗੀਆਂ। ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਕਾਨੂੰਨ ਬਣਾਉਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਿੱਸੇ ਆਇਆ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਰਣਜੀਤ ਸਿੰਘ ਚੀਮਾ ਚੇਅਰਮੈਨ ਜਲ ਸਰੋਤ ਪ੍ਰਬੰਧਨ ਵਿਕਾਸ ਨਿਗਮ ਪੰਜਾਬ ਅਤੇ ਇੰਚਾਰਜ ਆਮ ਆਦਮੀ ਪਾਰਟੀ ਲੋਕ ਸਭਾ ਹਲਕਾ ਖੰਡੂਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਚੇਅਰਮੈਨ ਚੀਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਵਾਉਣ ਵਾਸਤੇ ਵਿਧਾਨ ਸਭਾ ਵਿੱਚ ਪਹਿਲਾਂ ਵੀ ਚਾਰ ਵਾਰ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਪਿਛਲੇ ਦਿਨੀ ਅਸੈਂਬਲੀ ਵਿੱਚ ਪਾਸ ਹੋਏ ਇਸ ਬਿੱਲ ਨੇ ਕਾਨੂੰਨ ਦੀ ਜਗ੍ਹਾ ਲਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਟੀਮ ਵਲੋਂ ਪਿੰਡ ਮਹਿਤਾ 'ਚ

# ਫਸਲ ਨੂੰ ਅੱਗ ਲੱਗਣ ਨਾਲ ਹੋਈ ਤਬਾਹੀ ਦਾ ਲਿਆ ਜਾਇਜ਼ਾ-ਬਾਬਾ ਬਿਬੇਕ ਸਿੰਘ



ਜੰਡਿਆਲਾ ਗੁਰੂ 20 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ ) ਪਿਛਲੇ ਦਿਨੀਂ, ਪਿੰਡ ਮਹਿਤਾ ਤੇ ਉਦੋਨੰਗਲ ਦੀ ਹਦਬਸਤ ਤੇ ਆਉਂਦੀ 15 ਏਕੜ ਕਣਕ ਨੂੰ ਅੱਗ ਲੱਗੀ ਸੀ, ਜਿਸ ਨਾਲ ਫ਼ਸਲ ਦਾ ਵੱਡਾ ਨੁਕਸਾਨ ਹੋਇਆ ਸੀ੍ ਅੱਜ ਉਹਨਾਂ ਕਿਸਾਨਾਂ ਨਾਲ M.P. ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੇ ਸਤਿਕਾਰਯੋਗ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਦੁੱਖ ਸਾਂਝਾ ਕੀਤ੍ਹ ਏਨ੍ਹਾ ਪੀੜਤਾਂ ਵਿੱਚ ਕਿਸਾਨ ਸੱਜਣ ਸਿੰਘ (ਪਿੰਡ ਮਹਿਤਾ) - 2 ਕਿੱਲੇ, ਗੁਰਮੁਖ ਸਿੰਘ (ਪਿੰਡ ਮਹਿਤਾ) - ਲਗਭਗ 2 ਕਿੱਲੇ, ਗੁਰਮੁੱਖ ਸਿੰਘ (ਉਧੋ ਨੰਗਲ) - 2 ਤੋਂ 2.5 ਕਿੱਲੇ, ਜੈਮਲ ਸਿੰਘ (ਮਹਿਤਾ) - 1.5 ਤੋਂ 2 ਕਿੱਲੇ, ਬਲਦੇਵ ਸਿੰਘ ਜੀ ਦਾ ਕੁਝ ਰਕਬਾ ਸੀ੍ ਬਾਪੂ ਤਰਸੇਮ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ, ਕਿ ਕਿਸਾਨਾਂ ਦਾ ਦੁੱਖ ਸਾਡਾ ਆਪਣਾ ਦੁੱਖ ਹੈ! ਇੱਕਜੁੱਟਤਾ ਹੀ ਸਾਡੀ ਤਾਕਤ ਹੈ੍ ਭਾਵੇਂ ਕਿ ਇਸ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਭਾਈ ਅੰਮ੍ਰਿਤਪਾਲ ਸਿੰਘ ਜੀ ਇਸ ਵੇਲੇ ਡਿਬਰੂਗੜ੍ਹ (ਅਸਾਮ) ਜੇਲ੍ਹ ਵਿੱਚ ਬੰਦ ਹਨ, ਫਿਰ ਵੀ ਉਨ੍ਹਾਂ ਦੀ ਪੂਰੀ ਜੱਥੇਬੰਦੀ ਦਾ ਹਰ ਸੇਵਾਦਾਰ ਅਤੇ ਹਰ ਸਮਰਥਕ ਆਪਣੇ ਕਿਸਾਨ ਭਰਾਵਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ੍ ਉਨ੍ਹਾਂ ਨੇ ਸਰਕਾਰ ਨੂੰ ਏਨ੍ਹਾ ਪਰਿਵਾਰਾਂ ਨੂੰ ਬਣਦਾ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ੍ ਬਾਪੂ ਜੀ ਨੇ ਆਪਣੀ ਜਥੇਬੰਦੀ **ਅਕਾਲੀ ਦਲ ਵਾਰਿਸ ਪੰਜਾਬ ਦੇ**, ਦੇ ਸਿੰਘਾਂ ਨੂੰ ਵੀ ਏਨ੍ਹਾ ਪੀੜਤ ਕਿਸਾਨਾਂ ਨੂੰ ਕਣਕ, ਤੂੜੀ ਤੇ ਹੋਰ ਕਿਸੇ ਵੀ ਪ੍ਰਕਾਰ ਦੀ ਮਦਦ ਦੇਣ ਲਈ ਆਖਿਆ੍ ਇਸ ਸਮੇਂ ਉਨ੍ਹਾਂ ਨਾਲ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੜਿਆਲਾ ਗੁਰੂ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਦਾਰ ਬਾਬਾ ਬਿਬੇਕ ਸਿੰਘ ਜੀ, ਚਾਚਾ ਪਲਵਿੰਦਰ ਸਿੰਘ, ਜਤਿੰਦਰ ਸਿੰਘ ਮਹਿਤਾ, ਬਲਦੇਵ ਸਿੰਘ ਬਿੱਟਾ, ਪਰਮਜੀਤ ਸਿੰਘ ਪੰਮਾ, ਸੁਖਚੈਨ ਸਿੰਘ, ਜੁਗਰਾਜ ਸਿੰਘ ਉਦੋਂ ਨੰਗਲ, ਗੁਰਜੰਟ ਸਿੰਘ (ਜੋਧਾ) ਮਹਿਤਾ, ਕੇਵਲ ਸਿੰਘ ਪ੍ਰਧਾਨ, ਮਨਜੀਤ ਸਿੰਘ ਮੰਨਾ, (ਸਾਬਕਾ ਬਲਾਕ ਸੰਮਤੀ ਮੈਂਬਰ), ਬਲਕਾਰ ਸਿੰਘ ਨੰਗਲੀ (ਜ਼ਿਲ੍ਹਾ ਕਾਰਜਕਾਰੀ ਮੈਂਬਰ), ਰਵਿੰਦਰਪਾਲ ਸਿੰਘ ਰਵੀ, ਸੁਖਚੈਨ ਸਿੰਘ ਨਵਾਬਪੁਰ, ਗੁਰਦੇਵ ਸਿੰਘ ਗੱਗੜਭਾਣਾ (ਯੂਥ ਆਗੂ), ਅੰਗਰੇਜ਼ ਸਿੰਘ ਜਾਲੀਆਂ, ਪ੍ਰੇਮ ਸਿੰਘ, ਸਕੱਤਰ ਸਿੰਘ ਜਲਾਲ, ਬਾਪੂ ਗਿਆਨ ਸਿੰਘ ਜਲਾਲ, ਸੁੱਖ ਵਿਰਕ ਖੱਬੇ, ਹਰਜੀਤ ਸਿੰਘ ਬੁੜੈ ਨੰਗਲ 'ਤੇ ਹੋਰ ਪੱਤਰਕਾਰ ਵੀਰ, ਪਤਵੰਤੇ ਸੱਜਣ ਹਾਜ਼ਰ ਸਨ।

### ਡਾ. ਗੁਰਨਾਮ ਸਿੰਘ ਵੱਲੋਂ ਮਨਪ੍ਰੀਤ ਸਿੰਘ ਕਨਪੁਰੀ ਨਾਲ ਘਟਨਾ 'ਤੇ ਗੰਭੀਰ ਚਿੰਤਾ

# ਸਿੱਖ ਸੰਸਥਾਵਾਂ ਵਿੱਚ ਵਧਦੇ ਵਪਾਰੀਕਰਨ 'ਤੇ ਵੀ ਸਵਾਲ

**ਅੰਮ੍ਰਿਤਸਰ, 18 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**— ਯੂਨੀਵਰਸਿਟੀ ਆਫ਼ ਵਾਰਵਿਕ ਦੇ ਸਮਾਜਸ਼ਾਸਤਰ ਦੇ ਪ੍ਰੋਫੈਸਰ ਅਤੇ ਪ੍ਰਸਿੱਧ ਅਕਾਦਮਿਕ ਡਾ. ਗੁਰਨਾਮ ਸਿੰਘ ਨੇ ਅਖੰਡ ਕੀਰਤਨੀ ਜਥਾ (AKJ) ਦੇ ਵਿਸਾਖੀ ਸਮਾਗਮ ਦੌਰਾਨ ਕੀਰਤਨੀ ਭਾਈ ਮਨਪ੍ਰੀਤ ਸਿੰਘ ਕਨਪੁਰੀ ਨੂੰ ਕੀਰਤਨ ਕਰਨ ਤੋਂ ਰੋਕਣ ਦੀ ਘਟਨਾ 'ਤੇ ਗੰਭੀਰ ਚਿੰਤਾ ਜਤਾਈ ਹੈ।

ਆਪਣੇ ਜਾਰੀ ਕੀਤੇ ਬਿਆਨ ਵਿੱਚ ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਇਹ ਘਟਨਾ ਨਾ ਸਿਰਫ਼ ਦੁਖਦਾਈ ਹੈ, ਸਗੋਂ ਪੰਥ ਦੇ ਅੰਦਰ ਡੂੰਘੀਆਂ ਨੈਤਿਕ ਅਤੇ ਸੰਰਚਨਾਤਮਕ ਸਮੱਸਿਆਵਾਂ ਵੱਲ ਇਸ਼ਾਰਾ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਭਾਈ ਮਨਪ੍ਰੀਤ ਸਿੰਘ ਨਾਲ ਸਾਰਵਜਨਿਕ ਤੌਰ 'ਤੇ ਵਤੀਰਾ ਕੀਤਾ ਗਿਆ ਅਤੇ ਸੋਸ਼ਲ ਮੀਡੀਆ 'ਤੇ ਇਹ ਮਾਮਲਾ ਸਾਹਮਣੇ ਆਇਆ, ਉਸ ਨਾਲ ਸਿੱਖ ਨੌਜਵਾਨਾਂ 'ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ।





ਭਾਈ ਮਨਪ੍ਰੀਤ ਸਿੰਘ ਕਨਪੁਰੀ — ਡਾ. ਗੁਰਨਾਮ ਸਿੰਘ

ਉਨ੍ਹਾਂ ਨੇ ਇਸ ਗੱਲ 'ਤੇ ਵੀ ਚਿੰਤਾ ਜਤਾਈ ਕਿ ਘਟਨਾ ਦੌਰਾਨ ਇਕ ਮਹਿਲਾ ਵੱਲੋਂ ਗੁਰਦੁਆਰੇ ਦੀ ਮਰਿਆਦਾ ਦੇ ਖਿਲਾਫ ਵਰਤਾਓ ਕੀਤਾ ਗਿਆ ਅਤੇ ਬਾਅਦ ਵਿੱਚ ਉਸਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਜੋ ਕਿ ਗਲਤ ਸੰਦੇਸ਼ ਦੇ ਸਕਦਾ ਹੈ।

ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਇਕ ਵਿਅਕਤੀ ਜਾਂ ਇਕ ਜਥੇ ਤੱਕ ਸੀਮਿਤ ਨਹੀਂ, ਸਗੋਂ ਸਿੱਖ ਸੰਸਥਾਵਾਂ ਵਿੱਚ ਵਧ ਰਹੇ ਵਪਾਰੀਕਰਨ ਦੀ ਵੱਡੀ ਸਮੱਸਿਆ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਿਆਂ ਅਤੇ ਧਾਰਮਿਕ ਸੇਵਾਵਾਂ ਵਿੱਚ ਭੁਗਤਾਨ ਦੀ ਪ੍ਰਥਾ ਆਮ ਹੋ ਰਹੀ ਹੈ, ਜਿਸ ਨਾਲ ਕਈ ਵਾਰ ਸੇਵਾ ਦੀ ਆਤਮਿਕਤਾ ਪ੍ਰਭਾਵਿਤ ਹੋ ਸਕਦੀ ਹੈ।

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕੀਰਤਨ ਜਾਂ ਧਾਰਮਿਕ ਸੇਵਾ ਲਈ ਆਰਥਿਕ ਸਹਾਇਤਾ ਲੈਣਾ ਆਪਣੇ ਆਪ ਵਿੱਚ ਗਲਤ ਨਹੀਂ, ਜੇਕਰ ਨੀਅਤ ਸਾਫ਼ ਹੋਵੇ ਅਤੇ ਨੈਤਿਕ ਮਰਿਆਦਾ ਬਣੀ ਰਹੇ।ਪਰ ਨਾਲ ਹੀ ਉਨ੍ਹਾਂ ਨੇ ਜਵਾਬਦੇਹੀ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਧਾਰਮਿਕ ਖੇਤਰ ਵਿੱਚ ਵੀ ਪੇਸ਼ੇਵਰ ਅਨੁਸ਼ਾਸਨ ਲਾਜ਼ਮੀ ਹੈ।

ਡਾ. ਗੁਰਨਾਮ ਸਿੰਘ ਨੇ ਗੁਰਦੁਆਰਾ ਪ੍ਰਬੰਧਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਗ੍ਰੰਥੀਆਂ, ਰਾਗੀਆਂ ਅਤੇ ਹੋਰ ਸੇਵਾਦਾਰਾਂ ਨੂੰ ਇੱਜ਼ਤ ਅਤੇ ਨਿਆਂਸੰਗਤ ਢੰਗ ਨਾਲ ਸਹਿਯੋਗ ਦੇਣ, ਬਿਨਾਂ ਇਸਦੇ ਕਿ ਧਾਰਮਿਕ ਪ੍ਰਥਾਵਾਂ ਨੂੰ ਵਪਾਰ ਬਣਾਇਆ ਜਾਵੇ।

ਉਨ੍ਹਾਂ ਨੇ ਕਿਹਾ ਕਿ ਪੰਥ ਨੂੰ ਇਸ ਸਮੇਂ ਗੰਭੀਰ ਆਤਮ-ਚਿੰਤਨ ਦੀ ਲੋੜ ਹੈ ਅਤੇ ਕੁਝ ਮਹੱਤਵਪੂਰਨ ਸਵਾਲਾਂ 'ਤੇ ਸਾਂਝੀ ਚਰਚਾ ਹੋਣੀ ਚਾਹੀਦੀ ਹੈ, ਜਿਵੇਂ ਕਿ ਸੇਵਾ ਅਤੇ ਆਰਥਿਕ ਲੋੜਾਂ ਵਿਚਕਾਰ ਸੰਤੁਲਨ, ਸੰਸਥਾਵਾਂ ਦੀ ਜ਼ਿੰਮੇਵਾਰੀ, ਵਪਾਰੀਕਰਨ ਦੇ ਪ੍ਰਭਾਵ ਅਤੇ ਪ੍ਰਬੰਧਕੀ ਪਾਰਦਰਸ਼ਤਾ।

ਅੰਤ ਵਿੱਚ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਪੰਥ ਨੇ ਇਕੱਠੇ ਹੋ ਕੇ ਇਨ੍ਹਾਂ ਮੁੱਦਿਆਂ 'ਤੇ ਖੁੱਲ੍ਹੇ ਮਨ ਨਾਲ ਗੱਲਬਾਤ ਨਾ ਕੀਤੀ, ਤਾਂ ਵੰਡ ਦਾ ਖਤਰਾ ਵੱਧ ਸਕਦਾ ਹੈ। ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਸਿੱਖੀ ਦੀ ਨਿਸ਼ਕਾਮ ਸੇਵਾ ਦੀ ਰੂਹ ਨੂੰ ਕਿਸੇ ਵੀ ਹਾਲਤ ਵਿੱਚ ਵਪਾਰਕ ਦਬਾਵਾਂ ਹੇਠ ਨਹੀਂ ਆਉਣ ਦੇਣਾ ਚਾਹੀਦਾ।

# ਇੱਕ ਨਜ਼ਰ ...



## ਡੀ.ਟੀ.ਐੱਫ. ਨੇ ਅਧਿਆਪਕਾਂ ਦੀਆਂ ਮਰਦਮਸ਼ੁਮਾਰੀ, ਐੱਸ.ਆਈ.ਆਰ. ਅਤੇ ਹੋਰ ਗੈਰ-ਵਿੱਦਿਅਕ ਡਿਊਟੀਆਂ ਖ਼ਿਲਾਫ਼ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

### ਚੋਣਾਂ ਅਤੇ ਮਰਦਮਸ਼ੁਮਾਰੀ ਦੇ ਕੰਮਾਂ ਉੱਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਤਾਇਨਾਤ ਕੀਤਾ ਜਾਵੇ- ਡੀ.ਟੀ.ਐੱਫ.

ਹੁਸ਼ਿਆਰਪੁਰ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)–ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ਼.) ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਸੰਯੁਕਤ ਸਕੱਤਰ ਪ੍ਰਵੀਨ ਸ਼ੇਰਪੁਰ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ, ਸਕੱਤਰ ਅਸ਼ਨੀ ਕੁਮਾਰ, ਕੰਪਿਊਟਰ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਊਧਮ ਸਿੰਘ ਡੋਗਰਾ, ਪ੍ਰਦੀਪ ਸਿੰਘ ਅਤੇ ਪੁਨੀਤ ਕੁਮਾਰ ਆਦਿ ਅਧਿਆਪਕ ਆਗੂਆਂ ਦਾ ਇੱਕ ਵਫ਼ਦ ਅੱਜ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਫਤਰ ਵਿੱਚ ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ ਪੀ.ਸੀ.ਐੱਸ. ਨੂੰ ਮਿਲਿਆ ਅਤੇ ਉਨ੍ਹਾਂ ਨੂੰ ਅਧਿਆਪਕਾਂ ਉੱਤੇ ਲੱਦੇ ਮਣਾਂ-ਮੂੰਹੀਂ ਗੈਰ ਵਿੱਦਿਅਕ ਕੰਮਾਂ ਖ਼ਿਲਾਫ਼ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਪੱਤਰ ਸੌਂਪਿਆ। ਇਸ ਮੰਗ ਪੱਤਰ ਰਾਹੀਂ ਯੂਨੀਅਨ ਆਗੂਆਂ ਦੇ ਵਫ਼ਦ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੂੰ ਸਕੂਲਾਂ ਵਿੱਚੋਂ ਕੱਢ ਕੇ ਮਰਦਮਸ਼ੁਮਾਰੀ, ਵੋਟਰ ਸੂਚੀਆਂ ਦੇ ਐੱਸ.ਆਈ.ਆਰ. ਸਰਵੇ, ਬੀ.ਐੱਲ.ਓ., ਪੰਜਾਬ ਸਰਕਾਰ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ, ਡਰੱਗ ਸਰਵੇ ਅਤੇ ਹੋਰ ਗ਼ੈਰ-ਵਿੱਦਿਅਕ ਡਿਊਟੀਆਂ ਉੱਤੇ ਤਾਇਨਾਤ ਕਰ ਦਿੱਤਾ ਗਿਆ ਹੈ ਜਿਸ ਕਾਰਣ ਸਕੂਲਾਂ ਵਿੱਚੋ ਹਜ਼ਾਰਾਂ ਅਧਿਆਪਕਾਂ ਨੂੰ ਬਾਹਰ ਕੱਢਣ ਨਾਲ ਸਰਕਾਰੀ ਸਕੂਲਾਂ ਦਾ ਵਿੱਦਿਅਕ ਮਾਹੌਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਗਰੀਬ ਲੋਕਾਂ, ਦਲਿਤਾਂ, ਖ਼ੇਤ ਮਜ਼ਦੂਰਾਂ, ਛੋਟੇ ਕਿਸਾਨਾਂ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ ਉਹਨਾਂ ਦੇ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕਿ ਮਰਦਮਸ਼ੁਮਾਰੀ, ਚੋਣਾਂ, ਸਿਹਤ ਬੀਮਾ ਯੋਜਨਾ, ਡਰੱਗ ਸਰਵੇ ਵਰਗੇ ਗੈਰ ਵਿੱਦਿਅਕ ਕੰਮਾਂ ਲਈ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਮੁੰਡੇ-ਕੁੜੀਆਂ ਦੀਆਂ ਸੇਵਾਵਾਂ ਲਈਆਂ ਜਾਣ ਤਾਂ ਜੋ ਸਕੂਲਾਂ ਵਿੱਚ ਬੱਚਿਆਂ ਦੀ ਸਿੱਖਿਆ ਦਾ ਕੰਮ ਨਾ ਪ੍ਰਭਾਵਿਤ ਹੋਵੇ, ਕਪਲ ਕੇਸ ਵਿੱਚ ਪਤੀ ਪਤਨੀ ਵਿੱਚੋਂ ਇੱਕ ਦੀ ਡਿਊਟੀ ਲਗਾਈ ਜਾਵੇ, ਦੋ ਸਾਲ ਤੋਂ ਛੋਟੇ ਬੱਚਿਆਂ ਦੀਆਂ ਮਾਵਾਂ ਤੇ ਗਰਭਵਤੀ ਮਹਿਲਾਵਾਂ ਨੂੰ ਡਿਊਟੀ ਤੋਂ ਵਿਸ਼ੇਸ਼ ਛੋਟ ਦਿੱਤੀ ਜਾਵੇ, ਗੈਰ ਵਿੱਦਿਅਕ ਡਿਊਟੀਆਂ ਦਾ ਸਿੱਖਿਆ ਵਿਭਾਗ ਤੇ ਇਕੱਲਿਆਂ ਹੀ ਬੋਝ ਪਾਉਣ ਦੀ ਬਜਾਏ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਬਰਾਬਰ ਅਨੁਪਾਤ ਵਿੱਚ ਲਗਾਈਆਂ ਜਾਣ। ਆਗੂਆਂ ਨੇ ਐਲਾਨ ਕੀਤਾ ਕਿ 23 ਅਪ੍ਰੈਲ ਨੂੰ ਹੁਸ਼ਿਆਰਪੁਰ ਵਿਖੇ ਕੀਤੀ ਜਾਣ ਵਾਲ਼ੀ ਚੇਤਨਾ ਕਨਵੈਨਸ਼ਨ ਵਿੱਚ ਵੀ ਗੈਰ ਵਿੱਦਿਅਕ ਡਿਊਟੀਆਂ ਪ੍ਰਤੀ ਅਧਿਆਪਕਾਂ ਨੂੰ ਲਾਮਬੰਦ ਕੀਤਾ ਜਾਵੇਗਾ, ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

## ਪਿੰਡ ਟੋਡਰਵਾਲ ਵਿਖੇ ਮਨਾਇਆ ਗਿਆ ਮਹਾਂਪੁਰਸ਼ਾਂ ਦਾ ਜਨਮ ਦਿਹਾੜਾ



ਨਾਭਾ, 20 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)– ਨਾਭਾ ਬਲਾਕ ਦੇ ਪਿੰਡ ਟੋਡਰਵਾਲ ਵਿਖੇ ਜਬਰ ਜੁਲਮ ਵਿਰੋਧੀ ਫਰੰਟ ਤੇ ਡਾਕਟਰ ਅੰਬੇਡਕਰ ਵੈਲਫੇਅਰ ਕਲੱਬ ਟੋਡਰਵਾਲ ਵੱਲੋਂ ਖਾਲਸਾ ਸਾਜਨਾ ਦਿਵਸ ,ਮਹਾਤਮਾ ਜੋਤੀ ਫੂਲੇ ਜਨਮ ਦਿਵਸ, ਡਾਕਟਰ ਭੀਮ ਰਾਓ ਅੰਬੇਡਕਰ ਜਨਮ ਦਿਵਸ ਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸਮੂਲੀਅਤ ਕੀਤੀ ਸਮਾਜਿਕ ਆਗੂਆਂ ਨੇ ਆਪਣੇ ਵਿਚਾਰ ਰੱਖੇ ਅਤੇ ਧਾਰਮਿਕ ਆਗੂਆਂ ਨੇ ਖਾਲਸਾ ਸਾਜਨਾ ਦਿਵਸ ਅਤੇ ਗਿਆਨੀ ਦਿੱਤ ਸਿੰਘ ਜੀ ਬਾਰੇ ਭਰਪੂਰ ਚਾਨਣਾ ਪਾਇਆ ਇਸ ਸਮਾਜਿਕ ਸੰਮੇਲਨ ਵਿੱਚ ਪਹੁੰਚੇ ਉਚੇਰੇ ਤੌਰ ਤੇ ਪਹੁੰਚੇ ਡਾਕਟਰ ਗੀਤੂ ਸਿੰਘ ਜੀ ਅਤੇ ਬਾਬਾ ਰਾਜ ਰਾਜਾ ਰਾਜ ਸਿੰਘ ਨੇ ਹਾਜ਼ਰੀਨ ਵਿਅਕਤੀਆਂ ਨੂੰ ਸੰਬੋਧਨ ਕੀਤਾ ਡਾਕਟਰ ਰਿਤੂ ਸਿੰਘ ਨੇ ਕਿਹਾ ਕਿ ਹੁਣ ਤੱਕ ਸਰਕਾਰਾਂ ਨੇ ਗਰੀਬ ਅਤੇ ਕਮਜ਼ੋਰ ਵਰਗ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੇ ਵਿਕਾਸ ਬਾਰੇ ਕੋਈ ਧਿਆਨ ਨਹੀਂ ਦਿੱਤਾ ਸਗੋਂ ਸਰਕਾਰਾਂ ਗਰੀਬਾਂ ਨੂੰ ਹੋਰ ਗਰੀਬ ਕਰਕੇ ਲਾਚਾਰ ਤੇ ਬੇਵਸ ਬਣਾ ਰਹੀਆਂ ਹਨ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿੱਚ ਮਨੂੰਵਾਦੀ ਪ੍ਰਵਿਰਤੀ ਦੇ ਲੋਕਾਂ ਦਾ ਬੋਲ ਬਾਲਾ ਹੈ ਜਿਸ ਕਾਰਨ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਸਿੱਖ ਵਿਅਕਤੀਆਂ ਨੂੰ ਹਾਸੀਏ ਤੇ ਧੱਕਿਆ ਜਾ ਰਿਹਾ ਹੈ ਇਸ ਸਮਾਜਿਕ ਸੰਮੇਲਨ ਨੂੰ ਜਬਰ ਜੁਲਮ ਵਿਰੋਧੀ ਫਰੰਟ ਦੇ ਸੂਬਾ ਪ੍ਰਧਾਨ ਰਾਜ ਸਿੰਘ ਟੋਡਰਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਬਰ ਦਾ ਸਿਕਾਰ ਹੋਏ ਗਰੀਬ ਅਤੇ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੀ ਸਰਕਾਰ ਵੱਲੋਂ ਕੋਈ ਦਲੀਲ ਅਪੀਲ ਨਾ ਸੁਣ ਕੇ ਉਹਨਾਂ ਨੂੰ ਮਿਲਣ ਵਾਲੇ ਇਨਸਾਫ ਵਿੱਚ ਅੜਿੱਕਾ ਲਾਇਆ ਜਾ ਰਿਹਾ ਹੈ ਗਰੀਬਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਜਿਸ ਕਾਰਨ ਗਰੀਬਾਂ ਦਾ ਸਰਕਾਰ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਹੋਰਨਾਂ ਤੋਂ ਇਲਾਵਾ ਇਸ ਸਮਾਜਿਕ ਸੰਮੇਲਨ ਨੂੰ ਹੈਡਮਾਸਟਰ ਅਮਰ ਸਿੰਘ, ਭਾਨ ਸਿੰਘ ਜੱਸੀ ਪੇਧਨੀ,ਮਾਸਟਰ ਜਗਤਾਰ ਸਿੰਘ ,ਬੇਅੰਤ ਸਿੰਘ ਪੰਚ, ਜਗਦੀਪ ਸਿੰਘ ਸਿਰਥਲਾ, ਗਿਆਨੀ ਅੰਮ੍ਰਿਤ ਸਿੰਘ , ਦਲਵੀਰ ਸਿੰਘ ਛੀਟਾਂਵਾਲਾ, ਬਹੁਤ ਸਾਰੇ ਤੋਂ ਇਲਾਵਾ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ ਬੱਚਿਆਂ ਵੱਲੋਂ ਕੋਰੀਓਗਰਾਫੀਆਂ ਪੇਸ ਕੀਤੀਆਂ ਗਈਆਂ, ਭੋਲੀ ਗੋਬਿੰਦਪੁਰਾ ਵੱਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਗੁਰੂ ਦਾ ਲੰਗਰ ਅਤੁੱਟ ਵਰਤਿਆ। ਬੱਚਿਆਂ ਅਤੇ ਆਗੂਆਂ ਨੂੰ ਸਨਮਾਨ ਚਿੰਨ ਦੇ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# COMMERCIALISM AND SIKHI

## A moment for reflection after the incident where Manpreet Singh Kanpuri was prevented from performing Kirtan

The recent and deeply troubling episode involving the un-ceremonial prevention of Bhai Manpreet Singh Kanpuri doing kirtan during the Annual Akhand Kirtani Jatha's (AKJ's) Vaisakhi programme in Amritsar raises urgent and uncomfortable questions for both the Jatha and the Panth.

The manner in which he was physically confronted – and played out in full public view across social media – was deeply distressing. Equally disconcerting was the visible distress of his son, who instinctively sought to shield his father from being forcibly removed from the stage by some individuals who were adamant he would not be allowed to perform kirtan. What kind of impression will this have left on him and many other Sikh you who look up to Manpreet Singh.

Compounding this was the conduct of a particular female 'Gursikh' whose angry outburst and threatening gestures towards Manpreet Singh represented a complete breakdown of Gurdwara decorum. That such behaviour was subsequently honoured with a 'siropao' by some members of Amritsar AKJ is difficult to comprehend and risks setting a dangerous precedent. Indeed, at a time when we should be joining hands, sadly, like many other Panthic groups, both political and dharmic, there is a real fear that this could lead to further fragmentation of the AKJ, where unity was already strained.

ਆਵਾਜ਼ ਕੌਮ AWAZE QAUM International Newspaper & WEB TV

### COMMERCIALISATION

Taken together, these events do not simply reflect a lapse in judgement or the egotistical behaviour of a few individuals, but point to deeper structural and ethical tensions within our Panth. That is, beyond this immediate unsavoury episode, which the AKJ will need to resolve, a far more significant and pressing concern, namely, the growing commercialisation of our institutions, most notably Gurdwaras.

Gurbani repeatedly reminds us that ego, power, and attachment to maya can entrap even those who appear outwardly pious. No institution or jatha is immune from these pressures. It is precisely for this reason that responses to such events must be measured, principled, and rooted in collective wisdom.

The arbitrary exclusion or banning of individuals is neither just nor sustainable. Such actions risk deepening divisions while ignoring the complexity of the underlying issues within the Panth. It is to the credit of the current Akaal Takht Jathedar, Giani Kuldeep Singh Gargaj, that over the past two years, not only have we seen a move away from the trend to excommunicate and ban Sikhs parcharaks, but to bring those previously banned back into the fold under the aegis of the Panthic Maryada.

In order to avoid the kinds of fallout seen at the AKJ function in Amritsar recently, what is required is thoughtful and inclusive dialogue, one that seeks to balance two essential imperatives: the fair and dignified support of Gursikh kirtanis who choose to dedicate their lives to serving Sikhi and the need to resist the steady drift towards the commodification of Sikh religious life.

If one's love for Gurbani is genuine, then the act of receiving financial support for performing kirtan should not, in itself, diminish the spiritual integrity of that seva. Those grounded in ethical discipline will not compromise their principles merely for monetary gain. Indeed, the very notion that Gurbani can be "sold" is, in essence, absurd. Intention, as much as action, must remain central when making such serious judgements.



Kirtani Manpreet Singh Kanpuri

At the same time, accountability cannot be ignored. In all professions, individuals are held to clear ethical standards; a doctor, for example, may be disciplined or even struck off for serious misconduct. The same principle must apply within religious spheres. Nevertheless, we cannot overlook a growing and genuine concern: the increasing commercialisation of Sikh practices. Payments for Akhand Paaths, kirtan programmes, and religious services have become normalised, while so called Babas continue to exploit and defraud vulnerable individuals for financial gain.



**GURNAM SINGH** is an academic activist dedicated to human rights, liberty, equality, social and environmental justice. He is an Associate Professor of Sociology at University of Warwick, UK. He can be contacted at Gurnam.singh.1@warwick.ac.uk

What often begins with sincere intention can, over time, become corrupted by ego and materialism. This is not unique to any one group; it is a broader human frailty that has, regrettably, affected individuals across different religious roles, including sants, babas, and gianis. It is also worth asking whether inconsistent or inadequate financial support structures may themselves contribute to this problem. When individuals who dedicate their lives to the Panth are not supported in a fair and dignified manner, there is a risk that religious service becomes increasingly transactional.

### REFLECTIONS

This brings us to a number of critical questions that require collective reflection.

First, how should Sikhi understand the relationship between seva, modern day commercial imperatives? Is there, in fact, a contradiction between the two? To what extent does receiving financial compensation undermine the principle of nishkam seva? And how should we interpret the concept of 'kirat' and 'nishkam seva', for those whose full-time work may be devoted in service of the Panth?

Second, what responsibilities do our institutions carry? Gurdwaras must consider how they can ethically support granthis, raggis, and staff without reducing the sangat to consumers and religious practice to a service economy. Financial arrangements and investments must be transparent, fair, and aligned with Sikh values, not dictated by market logic and the profit motive.

Third, how can we avoid the corrupting influences of commercialisation, which Gurbani reminds us of? When profit motives begin to shape religious spaces, there is a real danger that kirtan, parchaar, and even education become commodified. Increasingly, we see Gurdwaras competing to attract larger congregations by inviting high profile kirtanis and speakers, often at significant cost. This raises uncomfortable questions about whether we are inadvertently creating a culture of celebrity religiosity.

Fourth, and perhaps most crucially, there is the issue of accountability and governance. Who has the authority to decide who may or may not perform kirtan? As Sikh institutions grow into complex, multi-million-pound organisations, they require professional management and full-time commitment. Yet how do we balance this need for professionalism with the foundational Sikh principles of humility, equality, and the rejection of a priestly hierarchy?

The modern Panth stands at a crossroads. On one hand lies the practical necessity of supporting those who dedicate their lives to religious service. On the other lies the imperative to protect Sikhi from the encroaching forces of commercialisation and institutionalisation.

These are not easy questions, nor do they admit simple answers. The financial realities of the contemporary world cannot be ignored. Yet neither can we compromise the spiritual integrity of Gurbani and the principles upon which Sikhi is founded.

If the Panth fails to engage with these challenges collectively and with an open mind, we risk further division, fragmenting into smaller groups. As we navigate this evolving landscape, one principle must remain non-negotiable: the selfless core of the Panth must not be eroded by the transactional pressures of the modern world.




★ ਜਾਰੀ ਕਰਤਾ ★

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243